
Postal No.-- G/CHD/0111/2018-2020
Regd No. 32212/78

# ਲੁਬਾਣਾ ਸੇਵਕ

ਅਕਤੂਬਰ 2018 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਨੂੰ 'ਗੁਰੂ ਲਾਧੋ ਰੇ' ਦਿਵਸ ਦੀਆਂ ਲੱਖ-ਲੱਖ ਵਧਾਈਆਂ !



ਗੁਰੂ ਲਾਧੋ ਰੇ ਗੁਰੂ ਲਾਧੋ ਰੇ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# "ਗੁਰੂ ਲਾਧੋ ਰੇ ਸਾਚਾ ਗੁਰੂ ਲਾਧੋ ਰੇ"



ਬਾਬਾ ਮੱਖਣ ਸ਼ਾਹ ਗੁਰੂ ਘਰ ਦੇ ਪੱਕੇ ਸ਼ਰਧਾਲੂ ਸਨ। ਉਨ੍ਹਾਂ ਨੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲੇ ਵਿਖੇ ਪ੍ਰਗਟ ਕਰਕੇ ਨਵਾਂ ਇਤਿਹਾਸ ਰਚਿਆ ਸੀ। ਉਨ੍ਹਾਂ ਉੱਪਰ ਅਕਾਲ ਪੁਰਖ ਦੀ ਕ੍ਰਿਪਾ ਸੀ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪ੍ਰਗਟ ਕਰਨ ਦੀ ਸੇਵਾ ਦਾ ਮਾਣ ਉਨ੍ਹਾਂ ਨੂੰ ਮਿਲਿਆ। ਬਾਬਾ ਮੱਖਣ ਸ਼ਾਹ ਲੁਬਾਣਾ ਦਾ ਜਨਮ 1619 ਵਿਚ ਭਾਈ ਦਾਸਾ ਸ਼ਾਹ ਲੁਬਾਣਾ ਦੇ ਘਰ ਪਿੰਡ ਟਾਂਡਾ ਲੁਬਾਣਾ ਵਿਚ ਹੋਇਆ ਜੋ ਕਸ਼ਮੀਰ ਵਿਚ ਸਥਿਤ ਹੈ ਅਤੇ ਮੁਜਫਰਾਬਾਦ ਤੋਂ 18 ਮੀਲ ਦੂਰ ਹੈ। ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜਦੋਂ ਸ਼੍ਰੀਨਗਰ ਗਏ ਤਾਂ ਮੁਜਫਰਾਬਾਦ ਪਹੁੰਚੇ ਜਿੱਥੇ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਸਥਿਤ ਹੈ। ਗੁਰੂ ਸਾਹਿਬ ਦਾ ਸੁਣ ਕੇ ਬਹੁਤ ਸੰਗਤਾਂ ਦਰਸ਼ਨ ਵਾਸਤੇ ਪਹੁੰਚੀਆਂ ਜਿਨ੍ਹਾਂ ਵਿਚ ਇਕ ਬੱਚਾ ਮੱਖਣ ਸ਼ਾਹ ਲੁਬਾਣਾ ਵੀ ਸੀ। ਬਾਬਾ ਮੱਖਣ ਸ਼ਾਹ ਲੁਬਾਣਾ ਨੇ ਆਪਣੇ ਪੁਰਖਾਂ ਦੇ ਵਪਾਰ ਨੂੰ ਹੋਰ ਵੀ ਬਹੁਤ ਵਧਾਇਆ ਜੋ ਭਾਰਤ, ਅਰੇਬੀਅਨ ਅਤੇ ਯੂਰੋਪੀਅਨ ਦੇਸ਼ਾਂ ਤੱਕ ਵੱਧ ਗਿਆ। 17ਵੀਂ ਸਦੀ ਦੇ ਦੂਸਰੇ ਅੱਧ ਵਿਚ ਸਭ ਤੋਂ ਵੱਡੇ ਵਪਾਰੀ ਮੱਖਣ ਸ਼ਾਹ ਲੁਬਾਣਾ ਅਤੇ ਲੱਖੀ ਸ਼ਾਹ ਵਣਜਾਰਾ ਸਨ। ਬਾਬਾ ਮੱਖਣ ਸ਼ਾਹ ਲੁਬਾਣਾ ਗੁਜਰਾਤ ਦੇ ਮਸੰਦ ਵੀ ਨਿਯੁਕਤ ਕੀਤੇ ਗਏ ਸਨ। ਮੱਖਣ ਸ਼ਾਹ ਨਮਕ, ਮਸਾਲੇ, ਬੰਗਾਲੀ ਸਿਲਕ ਅਤੇ ਕਸ਼ਮੀਰੀ ਸ਼ਾਲ ਆਦਿ ਦਾ ਵਪਾਰ ਕਰਦੇ ਸਨ। ਆਪ ਜੀ ਨੂੰ ਲੁਬਾਣਕੀ, ਸੰਸਕ੍ਰਿਤ, ਪ੍ਰਸ਼ੀਅਨ ਅਤੇ ਅਰੇਬਿਕ ਭਾਸ਼ਾਵਾਂ ਆਉਂਦੀਆਂ ਸਨ। ਬਾਬਾ ਮੱਖਣ ਸ਼ਾਹ ਲੁਬਾਣਾ ਕੋਲ 100 ਤੋਂ ਵੱਧ ਸਮੁੰਦਰੀ ਜਹਾਜ਼ ਸਨ। ਜਿਨ੍ਹਾਂ ਵਿਚੋਂ ਕੁਝ ਬਹੁਤ ਵੱਡੇ, ਕੁਝ ਮੱਧਵਰਤੀ ਅਤੇ ਕੁਝ ਛੋਟੇ ਜਹਾਜ਼ ਸਨ। ਇਹ ਜਹਾਜ਼ ਸੂਰਤ ਅਤੇ ਅਰੇਬੀਅਨ ਦੇਸ਼ਾਂ ਵਿਚ ਚਲਦੇ ਸਨ। ਉਸ ਸਮੇਂ ਦਾ ਸਭ ਤੋਂ ਵੱਡਾ ਸਿੱਖ ਵਪਾਰੀ ਮੱਖਣ ਸ਼ਾਹ ਲੁਬਾਣਾ ਸੀ।

ਬਾਬਾ ਮੱਖਣ ਸ਼ਾਹ ਲੁਬਾਣਾ ਦਾ ਗੁਰੂ ਘਰ ਵਿਚ ਬਹੁਤ ਵਿਸ਼ਵਾਸ ਸੀ ਅਤੇ ਹਮੇਸ਼ਾਂ ਆਪਣੇ ਪਰਿਵਾਰ ਨਾਲ ਅਰਦਾਸ ਕਰਕੇ ਸਮੁੰਦਰੀ ਸਫ਼ਰ ਵਾਸਤੇ ਜਾਂਦਾ ਸੀ ਅਤੇ ਇਕ ਵਾਰ ਜਦੋਂ ਜਹਾਜ਼ ਵਾਪਸ ਆ ਰਿਹਾ ਸੀ ਤਾਂ ਜਹਾਜ਼ ਸਮੁੰਦਰੀ ਤੂਫ਼ਾਨ ਵਿਚ ਫੱਸ ਗਿਆ ਸੀ। ਜਦੋਂ ਬਚਣ ਦੀ ਕੋਈ ਆਸ ਨਹੀਂ ਸੀ ਤਾਂ ਮੱਖਣ ਸ਼ਾਹ ਅੰਤਰ ਧਿਆਨ ਹੋ ਕੇ ਗੁਰੂ ਸਾਹਿਬਾਨ ਨੂੰ ਯਾਦ ਕਰਦਾ ਹੈ ਅਤੇ ਅਰਦਾਸ ਕਰਦਾ ਹੈ ਕਿ ਮੇਰਾ ਜਹਾਜ਼ ਸਹੀ ਸਲਾਮਤ ਬੰਨ੍ਹੇ ਲੱਗ ਜਾਵੇ ਤਾਂ ਮੈਂ ਗੁਰੂ ਘਰ ਵਿਚ 500 ਮੋਹਰਾਂ ਭੇਂਟ ਚੜ੍ਹਾਵਾਂਗਾ। ਕੁਝ ਦੇਰ ਬਾਅਦ ਸਮੁੰਦਰ ਦੀਆਂ ਲਹਿਰਾਂ ਸ਼ਾਂਤ ਹੋ ਜਾਂਦੀਆਂ ਹਨ ਅਤੇ ਮੱਖਣ ਸ਼ਾਹ ਦਾ ਜਹਾਜ਼ ਸਹੀ ਸਲਾਮਤ ਬੰਨ੍ਹੇ ਲੱਗ ਜਾਂਦਾ ਹੈ। ਬਾਬਾ ਮੱਖਣ ਸ਼ਾਹ ਘਰ ਪਹੁੰਚਦਿਆਂ ਹੀ ਆਪਣੇ ਪਰਿਵਾਰ ਅਤੇ ਆਪਣੀ ਫ਼ੌਜ ਜੋ ਉਸਨੇ ਸੁਰੱਖਿਆ ਲਈ ਰੱਖੀ ਸੀ ਨੂੰ ਇਕਸਾਰ ਹੋਣ ਵਾਸਤੇ ਹੁਕਮ ਦੇ ਦਿੰਦਾ ਹੈ। ਮੱਖਣ ਸ਼ਾਹ ਆਪਣੀ ਪਤਨੀ ਅਤੇ ਆਪਣੇ ਪੁੱਤਰਾਂ ਨੂੰ ਦੱਸਦਾ ਹੈ ਕਿ ਉਹ ਗੁਰੂ ਦਰਸ਼ਨਾਂ ਵਾਸਤੇ ਜਾਣਾ ਚਾਹੁੰਦਾ ਹੈ। ਇਸ ਤਰ੍ਹਾਂ ਮੱਖਣ ਸ਼ਾਹ ਦੀ ਪਤਨੀ ਸਲੋਕੀ, ਪੁਤੱਰ ਲਾਲ ਚੰਦ, ਚੰਦੂ ਲਾਲ, ਕੁਸ਼ਾਲ ਚੰਦ ਦਿੱਲੀ ਜਾਣ ਦੀ ਤਿਆਰੀ ਕਰ ਲੈਂਦੇ ਹਨ। ਦਿੱਲੀ ਤੋਂ ਬਾਹਰ ਕੈਂਪ ਲਗਾ ਲਿਆ, ਤਾਂ ਥੋੜ੍ਹੀ ਦੇਰ ਬਾਅਦ ਇੱਕ ਸਿੱਖ ਆ ਕੇ ਦੱਸਦਾ ਹੈ ਕਿ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੋਤਿ ਜੋਤ ਸਮਾ ਚੁੱਕੇ ਹਨ। ਉਹ ਸਿੱਖ ਇਹ ਵੀ ਦੱਸਦਾ ਹੈ ਕਿ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਰੀਰ ਤਿਆਗਣ ਤੋਂ ਪਹਿਲਾਂ ਦੱਸ ਗਏ ਹਨ ਕਿ "ਅਗਲਾ ਗੁਰੂ ਬਾਬਾ ਬਕਾਲੇ"। ਮੱਖਣ ਸ਼ਾਹ ਕਾਫ਼ੀ ਨਿਰਾਸ਼ ਹੁੰਦਾ ਹੈ ਅਤੇ ਆਪਣੇ ਲਸ਼ਕਰ ਨਾਲ ਬਕਾਲੇ ਚਾਲੇ ਪਾ ਲੈਂਦਾ ਹੈ। ਬਕਾਲੇ ਪਹੁੰਚਣ ਤੇ ਇਹ ਦੇਖਦਾ ਹੈ ਕਿ 22 ਸਾਧ ਗੁਰੂ ਬਣੀ ਬੈਠੇ ਹੋਏ ਹਨ। ਮੱਖਣ ਸ਼ਾਹ ਸਾਰੇ ਸਾਧਾਂ ਨੂੰ ਇਸ ਤਰ੍ਹਾਂ ਦੇਖ ਕੇ ਹੈਰਾਨ ਹੋ ਜਾਂਦਾ ਹੈ। ਮੱਖਣ ਸ਼ਾਹ ਆਪਣੀ ਪਤਨੀ ਨਾਲ ਅਰਦਾਸ ਕਰਦਾ ਹੈ ਅਤੇ ਸਾਰੇ ਬੈਠੇ ਸਾਧਾਂ ਨੂੰ ਪਰਖਣ ਦੀ ਸਲਾਹ ਕਰਦਾ ਹੈ ਅਤੇ ਦੋ-ਦੋ ਮੋਹਰਾਂ ਸਾਰਿਆਂ ਅੱਗੇ ਰੱਖ ਕੇ ਮੱਥਾ ਟੇਕਦਾ ਹੈ ਸਾਰੇ ਹੀ ਸਾਧ ਭੇਟਾ ਮਨਜ਼ੂਰ ਕਰ ਲੈਂਦੇ ਹਨ ਅਤੇ ਆਸ਼ੀਰਵਾਦ ਦਿੰਦੇ ਹਨ। ਮੱਖਣ ਸ਼ਾਹ ਆਪਣੀ ਪਤਨੀ ਨੂੰ ਕਹਿੰਦਾ ਹੈ ਕਿ ਇਨ੍ਹਾਂ ਵਿਚ ਕੋਈ ਵੀ ਅਸਲੀ ਗੁਰੂ ਨਹੀਂ ਹੈ। ਇਸ ਤਰ੍ਹਾਂ ਹੀ ਵਾਪਿਸ ਜਾਣਾ ਪਵੇਗਾ ਫਿਰ ਵੀ ਮੱਖਣ ਸ਼ਾਹ ਆਸ ਨਹੀਂ ਛੱਡਦਾ ਅਤੇ ਪਿੰਡ ਵਾਲਿਆਂ ਨੂੰ ਪੁੱਛਦਾ ਹੈ ਕਿ ਹੋਰ ਵੀ ਕੋਈ ਗੁਰੂ ਹੈ। ਪਿੰਡ ਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਸੋਢੀ ਪਰਿਵਾਰ ਵਿਚੋਂ ਤੇਗਾ ਹੈ ਜੋ ਸਾਰਾ ਸਮਾਂ ਭੋਰੇ ਵਿਚ ਭਗਤੀ ਕਰਦਾ ਹੈ ਪਰ ਕਿਸੇ ਨੂੰ ਮਿਲਦਾ ਨਹੀਂ। ਮੱਖਣ ਸ਼ਾਹ ਹਿੰਮਤ ਕਰਕੇ ਭਾਈ ਤੇਗਾ ਦੇ ਘਰ ਵੀ ਪੰਹੁਚ ਜਾਂਦਾ ਹੈ ਅਤੇ ਬੇਬੇ ਨਾਨਕੀ ਨਾਲ ਵਾਰਤਾਲਾਪ ਕਰਨ ਤੋਂ ਬਾਅਦ ਭੋਰੇ ਵਿਚ

ਸ਼੍ਰੀ ਗੁਰੂ ਤੇਗ ਬਹਾਦੁਰ ਅੱਗੇ 2 ਮੋਹਰਾਂ ਰੱਖ ਦਿੰਦਾ ਹੈ। ਸ਼ਾਂਤੀ ਦੇ ਪੁੰਜ ਗੁਰੂ ਤੇਗ ਬਹਾਦੁਰ ਜੀ ਮੁਸਕਰਾ ਕੇ ਬੋਲੇ ਅਰਦਾਸ ਤਾਂ 500 ਮੋਹਰਾਂ ਦੀ ਕੀਤੀ ਸੀ ਪਰੰਤੂ ਰੱਖ ਦੋ ਮੋਹਰਾਂ ਰਿਹਾ ਹੈ। ਇਹ ਸੁਣ ਕੇ ਮੱਖਣ ਸ਼ਾਹ ਖੁਸ਼ੀ ਨਾਲ ਗੱਦ-ਗੱਦ ਹੋ ਜਾਂਦਾ ਹੈ ਅਤੇ ਕੋਠੇ ਚੜ੍ਹ ਕੇ ਰੌਲਾ ਪਾ ਦਿੰਦਾ ਹੈ 'ਗੁਰੂ ਲਾਧੋ ਰੇ ਸਾਚਾ ਗੁਰੂ ਲਾਧੋ ਰੇ'। ਸਾਰੀ ਸੰਗਤ ਇਕੱਠੀ ਹੋ ਜਾਂਦੀ ਹੈ ਪਰ ਜਦੋਂ ਧੀਰ ਮੱਲ ਨੂੰ ਪਤਾ ਲੱਗਦਾ ਹੈ ਤਾਂ ਉਹ ਬਹੁਤ ਦੁੱਖੀ ਹੁੰਦਾ ਹੈ। ਧੀਰ ਮੱਲ ਮਸੰਦ ਰਾਹੀਂ ਗੁਰੂ ਸਾਹਿਬ ਤੇ ਹਮਲਾ ਕਰ ਦਿੰਦਾ ਹੈ ਅਤੇ ਗੁਰੂ ਜੀ ਨੂੰ ਜ਼ਖਮੀ ਕਰ ਦਿੰਦਾ ਹੈ। ਮੱਖਣ ਸ਼ਾਹ ਨੂੰ ਪਤਾ ਲੱਗਦਾ ਹੈ ਤਾਂ ਉਹ ਧੀਰ ਮੱਲ ਅਤੇ ਹੋਰ ਪਾਖੰਡੀ ਸਾਧੂਆਂ ਨੂੰ ਸੋਧ ਦਿੰਦਾ ਹੈ। ਮੱਖਣ ਸ਼ਾਹ ਆਨੰਦਪੁਰ ਵਿਚ ਪੱਕੀ ਤਰ੍ਹਾਂ ਵੱਸਣ ਤੱਕ ਗੁਰੂ ਜੀ ਦੇ ਨਾਲ ਹੀ ਰਹਿੰਦਾ ਹੈ ਅਤੇ ਗੁਰੂ ਸਾਹਿਬ ਨੂੰ ਪੂਰੀ ਸੁਰੱਖਿਆ ਦਿੰਦਾ ਹੈ। ਮੱਖਣ ਸ਼ਾਹ ਪਿੱਛੇ ਵਪਾਰ ਬਾਰੇ ਬਹੁਤ ਖ਼ਬਰਾਂ ਆਉਣ ਤੋਂ ਬਾਅਦ ਸਾਰਾ ਪਰਿਵਾਰ ਗੁਰੂ ਸਾਹਿਬ ਦੀ ਆਗਿਆ ਨਾਲ ਵਾਪਿਸ ਜਾਣ ਵਾਸਤੇ ਸੋਚਦਾ ਹੈ ਤਾਂ ਛੋਟਾ ਬੇਟਾ ਕੁਸ਼ਾਲ ਚੰਦ ਗੁਰੂ ਚਰਨਾਂ ਵਿਚ ਰਹਿਣ ਵਾਸਤੇ ਕਹਿੰਦਾ ਹੈ। ਮੱਖਣ ਸ਼ਾਹ ਆਪਣੇ ਛੋਟੇ ਬੇਟੇ ਨੂੰ ਗੁਰੂ ਘਰ ਛੱਡ ਕੇ ਵਾਪਿਸ ਚਲੇ ਜਾਂਦੇ ਹਨ। ਕੁਸ਼ਾਲ ਚੰਦ ਬਾਅਦ ਵਿਚ ਅੰਮ੍ਰਿਤ ਛੱਕ ਕੇ ਜਵਾਹਰ ਸਿੰਘ ਬਣ ਜਾਂਦਾ ਹੈ ਅਤੇ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋ ਜਾਂਦਾ ਹੈ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਬੁੰਗਾ ਰਾਮਗੜ੍ਹੀਆ

ਦੂਰ ਅੰਦੇਸ਼ ਆਗੂ, ਨਿੱਡਰ ਯੋਧਾ, ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਰਾਮਗੜ੍ਹੀਆ ਬੁੰਗੇ ਦਾ ਨਿਰਮਾਣ 1755 ਈ. ਨੂੰ ਕਰਵਾਇਆ। ਬੁੰਗਾ ਰਾਮਗੜ੍ਹੀਆ ਉਸ ਵੇਲੇ ਦੇ ਸਮਕਾਲੀ ਮਿਸਲਾਂ ਦੁਆਰਾ ਉਸਾਰੇ ਸਾਰੇ ਹੀ ਬੁੰਗਿਆਂ ਨਾਲੋਂ ਵਿਉਂਤਬੰਦੀ, ਉਸਾਰੀ, ਨਕਾਸ਼ੀ ਅਤੇ ਚਿੱਤਰਕਾਰੀ ਦੇ ਅਧਾਰ ਤੇ ਵੱਖ ਸੀ। ਸ. ਜੱਸਾ ਸਿੰਘ ਰਾਮਗੜ੍ਹੀਆ ਦੁਆਰਾ ਇਸ ਬੁੰਗੇ ਵਿਚ ਦੀਵਾਨੇ ਖਾਸ, ਜਿਸ ਵਿਚ ਮਹਾਰਾਜਾ ਸਾਹਿਬ ਦਾ ਸਿੰਘਾਸਨ ਹੈ ਅਤੇ ਜਿਸ ਦੀ ਛੱਤ 44 ਲਾਲ ਪੱਥਰ ਦੇ ਥੰਮਾਂ (ਜੋ ਸਿੱਖ ਨਕਸ਼ੀ ਦਾ ਅਲੌਕਿਕ ਨਮੂਨਾ ਹਨ) ਤੇ ਅਧਾਰਿਤ ਹੈ ਅਤੇ ਇਸ ਸਿੰਘਾਸਨ ਦੀ ਉਚਾਈ ਸ੍ਰੀ ਹਰਿਮੰਦਰ ਸਾਹਿਬ ਤੋਂ ਬਹੁਤ ਨੀਵੀਂ ਹੈ, ਜੋ ਮਹਾਰਾਜਾ ਜੀ ਦੇ ਗੁਰੂ ਤੇ ਵਿਸ਼ਵਾਸ ਦੀ, ਨਿਮਰਤਾ ਦੀ, ਨਿਰਮਾਣ ਕਲਾ ਦੇ ਗਿਆਨ ਦੀ ਅਤੇ ਵਿਉਂਤਬੰਦੀ ਦੀ ਸ਼ਾਹਦੀ ਭਰਦੀ ਹੈ। ਬੁੰਗੇ ਵਿਚ ਕੈਦੀਆਂ ਲਈ ਕਾਲ ਕੋਠੜੀ ਸਿੰਘਾਸਨ ਦੇ ਥੱਲੇ ਹੈ ਤੇ ਮਾਲਖਾਨਾ ਸਿੰਘਾਸਨ ਦੇ ਸਾਹਮਣੇ ਹੈ। ਦਰਬਾਰੀਆਂ, ਅਹਿਲਕਾਰਾਂ ਅਤੇ ਜਰਨੈਲਾਂ ਦੇ ਬੈਠਣ ਲਈ ਇਕ ਵੱਡਾ ਦੀਵਾਨ ਹਾਲ, ਜਿ ਦੇ ਇਕ ਪਾਸੇ ਖੂਹ ਹੈ, ਹਵਾ ਅਤੇ ਰੌਸ਼ਨੀ ਲਈ ਯੋਗ ਪ੍ਰਬੰਧ ਹਨ। ਸ੍ਰੀ ਦਰਬਾਰ ਸਾਹਿਬ ਅਤੇ ਸ਼ਹਿਰ ਦੀਆਂ ਹੱਦਾਂ ਦੀ ਨਿਗਰਾਨੀ ਹਿੱਤ 156 ਫੁੱਟ ਉੱਚੇ ਮੀਨਾਰ ਹਨ, ਜੋ ਸਿੱਖ ਨਿਰਮਾਣ ਕਲਾ ਦਾ ਇਕ ਮੂੰਹ ਬੋਲਦਾ ਸ਼ਾਹਕਾਰ ਹਨ।

1783 ਈ. ਵਿਚ ਜਦੋਂ ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਸਾਥੀਆਂ ਸ. ਜੱਸਾ ਸਿੰਘ ਆਹਲੂਵਾਲੀਆ, ਸ. ਬਘੇਲ ਸਿੰਘ ਅਤੇ ਹੋਰਨਾਂ ਨਾਲ ਮਿਲ ਕੇ ਲਾਲ ਕਿਲ੍ਹੇ ਨੂੰ ਜਿੱਤਿਆ ਤਾਂ ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਤਖਤੇ ਤਾਊਸ ਦੀ ਉਹ ਸਿਲ੍ਹ ਜਿਸ ਤੇ ਬਿਠਾ ਕੇ ਮੁਗਲ ਬਾਦਸ਼ਾਹ ਦੀ ਤਾਜਪੋਸ਼ੀ ਕੀਤੀ ਜਾਂਦੀ ਸੀ, ਜਿਸ ਸਿਲ੍ਹ ਤੇ ਬੈਠ ਕੇ ਔਰੰਗਜ਼ੇਬ ਨੇ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਨਾਉਣ ਲਈ ਹੁਕਮ ਸਾਦਰ ਕੀਤੇ, ਜਿਸ ਤੇ ਬੈਠ ਕੇ ਭਾਈ ਮਨੀ ਸਿੰਘ, ਭਾਈ ਮਤੀ ਦਾਸ ਅਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਫਤਵੇ ਲਾਏ ਅਤੇ ਸਜ਼ਾਵਾਂ ਸੁਣਾਈਆਂ ਗਈਆਂ ਇਹ ਸਿਲ੍ਹ ਜਿਸ ਦਾ ਅਕਾਰ 6 ਫੁੱਟ 3 ਇੰਚ ਲੰਬਾ, 4 ਫੁੱਟ 6 ਇੰਚ ਚੌੜਾ ਅਤੇ 9 ਇੰਚ ਮੋਟਾ ਹੈ, ਨੂੰ ਤਖਤ ਨਾਲੋਂ ਉਖੇੜ ਕੇ ਸੰਗਲਾਂ ਅਤੇ ਰੱਸਿਆਂ ਨਾਲ ਜੂੜ ਕੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਅਸਥਾਨਾਂ ਤੇ ਲਿਆਂਦਾ ਗਿਆ ਜੋ ਅੱਜ ਵੀ ਦਿੱਲੀ ਤਖਤ ਤੇ ਸਿੰਘਾਂ ਦੀ ਜਿੱਤ ਦੇ ਪ੍ਰਤੀਕ ਵਜੋਂ ਇਥੇ ਮੌਜੂਦ ਹੈ। (ਇਹ ਸਿੱਲ ਉੱਪਰ ਦੇਖੀ ਜਾ ਸਕਦੀ ਹੈ ਰਸਤਾ ਲੰਗਰ ਅਸਥਾਨ ਵੱਲੋਂ ਹੈ।)

1905 ਵਿਚ ਆਏ ਭੁਚਾਲ ਨਾਲ ਬੁੰਗੇ ਵਿਚ ਨਿਰਮਿਤ ਦੋਵੇਂ ਮੀਨਾਰਾਂ ਦੇ ਗੁੰਬਦ ਟੁੱਟ ਗਏ ਸਨ ਤੇ ਫੇਰ 1984 ਵਿਚ ਐਕਸ਼ਨ ਬਲਿਊ ਸਟਾਰ ਵੇਲੇ ਹੋਈ ਗੋਲਾ ਬਾਰੀ ਨਾਲ ਇਨ੍ਹਾਂ ਮੀਨਾਰਾਂ ਦੇ ਹੋਏ ਨੁਕਸਾਨ ਦੀ ਸਰਦਾਸ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਅੰਮ੍ਰਿਤਸਰ ਨੇ 1995-96 ਵਿਚ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਮੁਰੰਮਤ ਕਰਵਾਈ ਅਤੇ ਪੰਥ ਦੀ ਸ਼ਾਨ ਨੂੰ ਮੁੜ ਸੁਰਜੀਤ ਕੀਤਾ।

# ਲੁਬਾਣਾ ਸੇਵਕ



**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**Engineer Parminderjit Singh**
524, GMT Jalandhar
parminderjitsingh84@yahoo.com
M.: 99153-57524

**Co-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Prof. Jaswant Singh Ph.D.**
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਸੰਗਰਾਂਦ - (੧ ਮੱਘਰ) 16-11-2018 (ਸ਼ੁੱਕਰਵਾਰ)
ਪੂਰਨਮਾਸ਼ੀ - (੮ ਮੱਘਰ) 23-11-2018 (ਸ਼ੁੱਕਰਵਾਰ)
ਮੱਸਿਆ - (੨੨ ਕੱਤਕ) 7-11-2018 (ਬੁੱਧਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 80 | ਅਕਤੂਬਰ - 2018



| | | |
|---|---|---|
| 1. | ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ | 5 |
| 2. | ਬਾਬਾ ਬੁੱਢਾ ਜੀ ਜਨਮ ਦਿਵਲ 'ਤੇ ਵਿਸ਼ੇਸ਼ | 7 |
| 3. | ਲੋਭੀ ਤੇ ਆਲਸੀ ਮਨ | 9 |
| 4. | ਆਜ਼ਾਦ ਸਿੱਖ ਸਟੇਟ ਕਾਇਮ ਕਰਨ ਵਾਲਾ ਯੋਧਾ – ਬਾਬਾ ਬੰਦਾ ਸਿੰਘ ਬਹਾਦਰ | 11 |
| 5. | ਆਓ ਪਾਣੀ ਦੀ ਕੂਕ ਸੁਣੀਏ | 13 |
| 6. | ਆਓ ਜਾਣੀਏ ! | 14 |
| 7. | ਕਹਾਣੀ | 16 |
| 8. | ਮਨੁੱਖ ਹੋਣ ਦਾ ਅਦਬ ਤੇ ਜਿਊਣ ਦੀ ਹੁੱਬ | 19 |
| 9. | ਹਵਾ ਪ੍ਰਦੂਸ਼ਣ | 20 |
| 10. | ਕਾਵਿ–ਕਿਆਰੀ | 21 |
| 11. | ਸਿਹਤ ਸੰਭਾਲ | 22 |
| 12. | Civic Sence & Sensibility | 23 |
| 13. | Career After +2 | 24 |
| 14. | ਦਾਨੀ ਸੱਜਣਾਂ ਦੀ ਸੂਚੀ | 27 |
| 15. | ਸ਼ੋਕ ਸਮਾਚਾਰ | 33–36 |
| 16. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 37 |
| 18. | Matrimonial | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।




**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

### 26 ਅਕਤੂਬਰ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

# ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ





ਸਿੱਖ ਧਰਮ ਦੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਸੇਵਾ, ਪ੍ਰੇਮਾ-ਭਗਤੀ ਤੇ ਸਦ ਗੁਣਾਂ ਨਾਲ ਭਰਪੂਰ ਹੈ। ਆਪ ਦਾ ਜੀਵਨ ਸਾਧਾਰਨ ਪਰਿਵਾਰ ਤੋਂ ਆਰੰਭ ਹੋਇਆ ਅਤੇ ਆਪ ਨਿਸ਼ਕਾਮ ਸੇਵਾ ਤੇ ਸੱਚੇ ਸਿਦਕ ਕਰਕੇ ਗੁਰਗੱਦੀ 'ਤੇ ਬਿਰਾਜਮਾਨ ਹੋਏ। ਆਪ ਜੀ ਨੇ ਸਿੱਖੀ ਦੇ ਬੂਟੇ ਨੂੰ ਪ੍ਰਫੁੱਲਿਤ ਕਰਨ ਲਈ ਅਨੇਕਾਂ ਕਾਰਜ ਕੀਤੇ। ਇਸ ਸਿੱਖੀ ਦੇ ਬੂਟੇ ਦੀ ਜੜ੍ਹ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਲਾਈ ਸੀ ਅਤੇ ਇਸ ਬੂਟੇ ਦੀ ਪ੍ਰਫੁੱਲਤਾ ਤੇ ਸਾਂਭ ਸੰਭਾਲ ਲਈ ਅੱਗੋਂ ਦਿਸ਼ਾ ਵੀ ਜੀਵਨ ਕਾਲ 'ਚ ਹੀ ਤੈਅ ਕਰ ਗਏ ਸਨ। ਇਸ ਤਰ੍ਹਾਂ ਸਿੱਖੀ ਜੀਵਨ ਜਾਚ ਸਿਖਾਉਣ, ਅੱਗੋਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਕਾਰਜ ਲਈ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਫਿਰ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਪ੍ਰਾਪਤ ਹੋਈ। ਸ੍ਰੀ ਗੁਰੂ ਰਾਮਦਾਸ ਜੀ ਨੇ ਚੌਥੇ ਗੁਰੂ ਦੇ ਰੂਪ ਵਿਚ ਗੁਰੂ-ਜੋਤ ਨੂੰ ਧਾਰਨ ਕੀਤਾ ਅਤੇ ਲੋਕਾਈ ਨੂੰ ਆਤਮਿਕ, ਧਾਰਮਿਕ ਅਤੇ ਸਮਾਜਿਕ ਤੌਰ 'ਤੇ ਰੌਸ਼ਨ ਕੀਤਾ, ਭਾਵ ਜੀਵਨ ਦੇ ਹਰ ਪੱਖ ਨੂੰ ਸਾਰਥਿਕ ਬਣਾਉਣ ਲਈ ਜੁਗਤਿ ਸਮਝਾਈ। ਗੁਰੂ ਸਾਹਿਬ ਜੀ ਦੀ ਵਡਿਆਈ ਨੂੰ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਨੇ ਪਾਵਨ ਗੁਰਬਾਣੀ ਅੰਦਰ ਬਿਆਨ ਕੀਤਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਸੰਨ

1534 ਵਿਚ ਪਿਤਾ ਸ੍ਰੀ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਗ੍ਰਹਿ ਚੂਨਾ ਮੰਡੀ ਲਾਹੌਰ (ਪੰਜਾਬ) ਵਿਖੇ ਪ੍ਰਗਟ ਹੋਏ। ਆਪ ਜੀ ਦੀ ਉਮਰ ਅਜੇ 2 ਸਾਲ ਹੀ ਸੀ ਕਿ ਆਪ ਜੀ ਦੀ ਮਾਤਾ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਆਪ ਜੀ ਦੇ ਪਿਤਾ ਨੇ ਬੜੇ ਪਿਆਰ ਨਾਲ ਇਨ੍ਹਾਂ ਦੀ ਪਾਲਣਾ ਕੀਤੀ। ਆਪ ਜੀ ਦੀ ਉਮਰ ਅਜੇ 7 ਸਾਲ ਹੀ ਹੋਈ ਸੀ ਕਿ ਪਿਤਾ ਜੀ ਵੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਸਮੇਂ ਦੀ ਪਰੰਪਰਾ ਅਨੁਸਾਰ ਵੱਡੇ ਪੁੱਤਰ ਨੂੰ 'ਜੇਠਾ' ਕਿਹਾ ਜਾਂਦਾ ਸੀ, ਜਿਸ ਕਰਕੇ ਪ੍ਰਾਰੰਭਕ ਰੂਪ ਵਿਚ ਆਪ ਜੀ 'ਭਾਈ ਜੇਠਾ ਜੀ' ਦੇ ਨਾਂਅ ਨਾਲ ਜਾਣੇ ਜਾਂਦੇ ਰਹੇ। ਛੋਟੀ ਉਮਰ ਵਿਚ ਹੀ ਆਪ ਜੀ ਦੇ ਮਾਤਾ-ਪਿਤਾ ਦਾ ਸਿਰ ਤੋਂ ਸਾਇਆ ਉੱਠਣ ਕਰਕੇ ਪਰਿਵਾਰਕ ਨਿਰਬਾਹ ਲਈ ਆਪ ਨੂੰ ਘੁੰਗਣੀਆਂ ਵੇਚਣੀਆਂ ਪਈਆਂ। ਇਤਿਹਾਸ ਅਨੁਸਾਰ ਆਪ ਜੀ ਦੇ ਨਾਨੀ ਆਪ ਨੂੰ ਬਾਸਰਕੇ ਲੈ ਆਏ।

ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਆਪ ਬਾਸਰਕੇ ਗਿੱਲਾਂ ਤੋਂ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਆਪ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਅਤੇ ਨੇਕ ਸੁਭਾਅ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਆਪ ਜੀ ਨਾਲ ਕਰ ਦਿੱਤਾ। ਗੁਰੂ-ਘਰ ਦਾ ਦਾਮਾਦ ਬਣ ਕੇ ਵੀ ਆਪ ਜੀ ਨੇ ਲੋਕ-ਲਾਜ ਦੀ ਪ੍ਰਵਾਹ ਨਾ ਕੀਤੀ ਅਤੇ ਦਿਨ-ਰਾਤ ਗੁਰੂ-ਘਰ ਦੀ ਸੇਵਾ ਵਿਚ ਤੱਤਪਰ ਰਹੇ। ਇਕ ਵਾਰ ਲਾਹੌਰ ਤੋਂ ਆਏ ਸ਼ਰੀਕੇ ਵਾਲਿਆਂ ਨੇ ਮਿਹਣਾ ਵੀ ਮਾਰਿਆ। ਸੰਖੇਪ ਵਿਚ ਵਾਕਿਆਤ ਇਸ ਤਰ੍ਹਾਂ ਹੈ ਕਿ ਆਪ ਸ੍ਰੀ ਗੁਰੂ ਅਮਰਦਾਸ ਜੀ ਦੀ ਰਹਿਨੁਮਾਈ ਹੇਠ ਬਾਉਲੀ ਦੀ ਕਾਰ ਵਿਚ ਤਨੋਂ-ਮਨੋਂ ਖੁੱਭੇ ਹੋਏ ਸਨ। ਲਾਹੌਰ ਤੋਂ ਕੁਝ ਸ਼ਰੀਕੇ ਵਾਲੇ ਸ੍ਰੀ ਗੋਇੰਦਵਾਲ ਸਾਹਿਬ ਆਏ। ਆਪ ਨੂੰ ਟੋਕਰੀ ਢੋਂਦੇ ਅਤੇ ਬਸਤਰ ਚਿੱਕੜ ਨਾਲ ਲਿਬੜੇ ਹੋਏ ਵੇਖ ਕੇ ਉਨ੍ਹਾਂ ਨੇ ਬੁਰਾ ਮਨਾਇਆ। ਜਦੋਂ ਗੱਲ ਸ੍ਰੀ ਗੁਰੂ ਅਮਰਦਾਸ ਜੀ ਪਾਸ ਪਹੁੰਚੀ ਤਾਂ ਪਾਤਸ਼ਾਹ ਬਖਸ਼ਿਸ਼ਾਂ ਦੇ ਘਰ ਵਿਚ ਆ ਗਏ। ਤੀਸਰੇ ਸਤਿਗੁਰੂ ਜੀ ਦੇ ਮੂੰਹੋਂ ਨਿਕਲਿਆ, ਇਹ ਚਿੱਕੜ ਨਹੀਂ ਵਡਿਆਈ ਦਾ ਕੇਸਰ ਤੇ ਗੁਲਾਲ ਹੈ। ਸਿਰ 'ਤੇ ਆਮ ਟੋਕਰੀ ਨਹੀਂ, ਸਗੋਂ ਪਾਤਸ਼ਾਹੀ ਛਤਰ ਝੁਲਣ ਦਾ ਨਿਸ਼ਾਨ ਹੈ। 'ਮਸੰਦ' ਪ੍ਰਣਾਲੀ ਦਾ ਆਰੰਭ ਵੀ ਆਪ ਦਾ ਇਕ ਅਹਿਮ ਫ਼ੈਸਲਾ ਸੀ। ਮਸੰਦਾਂ ਨੇ ਗੁਰੂ ਘਰ ਦੇ ਪ੍ਰਚਾਰ-ਪ੍ਰਸਾਰ ਲਈ ਅਹਿਮ ਭੂਮਿਕਾ ਨਿਭਾਈ। ਮਸੰਦ ਸਿੱਖੀ ਦੇ ਉਹ ਪ੍ਰਚਾਰਕ ਸਨ ਜੋ ਸੰਗਤਾਂ ਤੋਂ ਗੁਰੂ-ਘਰ ਲਈ ਭੇਟਾ ਇਕੱਠੀ ਕਰਦੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੀਆਂ ਪਰੰਪਰਾਵਾਂ ਦੇ ਪਾਲਣ ਲਈ ਸੰਗਤਾਂ ਨੂੰ ਪ੍ਰੇਰਿਆ ਅਤੇ ਸਿੱਖੀ ਮਰਯਾਦਾ ਨੂੰ ਹੋਰ ਪੱਕਿਆਂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਆਰੰਭ ਕੀਤੀ ਗਈ ਲੰਗਰ ਦੀ ਮਰਯਾਦਾ ਨੂੰ ਅੱਗੇ ਤੋਰਨ ਵਿਚ ਵੀ ਆਪ ਦਾ ਵਡਮੁੱਲਾ ਯੋਗਦਾਨ ਹੈ।

ਇਸ ਤਰ੍ਹਾਂ ਆਪ ਜੀ ਦੀ ਨਿਮਰਤਾ ਅਤੇ ਸਦਗੁਣਾਂ ਨੂੰ ਦੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਆਪ ਨੂੰ ਸੌਂਪੀ ਦਿੱਤੀ। ਗੁਰਗੱਦੀ 'ਤੇ ਸੁਭਾਇਮਾਨ ਹੋਣ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੀ ਬੁਲੰਦੀ ਅਤੇ ਚੜ੍ਹਦੀ ਕਲਾ ਲਈ ਅਨੇਕਾਂ ਕਾਰਜ ਕੀਤੇ ਜਿਸ ਨਾਲ ਗੁਰੂ ਘਰ ਦੀ ਵਡਿਆਈ ਚੁਫੇਰੇ ਫੈਲੀ। ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਆਪ ਜੀ ਦਾ ਇਕ ਅਹਿਮ ਕਾਰਜ ਹੈ। ਸ੍ਰੀ ਗੁਰੂ ਰਾਮਦਾਸ ਜੀ ਤੀਸਰੇ ਪਾਤਸ਼ਾਹ ਜੀ ਦੇ ਹੁਕਮ ਨਾਲ ਇਥੇ ਆਏ ਅਤੇ ਸਰੋਵਰ ਦੀ ਖੁਦਵਾਈ ਆਰੰਭ ਕਰਵਾਈ। ਇਹ ਸਰੋਵਰ 'ਸੰਤੋਖਸਰ' ਦੇ ਨਾਂਅ ਨਾਲ ਪ੍ਰਸਿੱਧ ਹੋਇਆ। ਇਸੇ ਦੌਰਾਨ ਆਪ ਨੇ ਨਗਰ 'ਗੁਰੂ ਕਾ ਚੱਕ' ਵਸਾਇਆ, ਜੋ ਬਾਅਦ ਵਿਚ 'ਰਾਮਦਾਸਪੁਰ/ਚੱਕ ਰਾਮਦਾਸ' ਦੇ ਨਾਂਅ ਨਾਲ ਜਾਣਿਆ ਗਿਆ ਅਤੇ ਫਿਰ 'ਸ੍ਰੀ ਅੰਮ੍ਰਿਤਸਰ' ਵਜੋਂ ਮਸ਼ਹੂਰ ਹੋਇਆ। ਆਪ ਨੇ ਇਥੇ ਵੱਸਣ ਲਈ ਸੰਗਤਾਂ ਨੂੰ ਪ੍ਰੇਰਿਆ। ਇਸ ਨਗਰ ਨੂੰ ਆਬਾਦ ਕਰਨ ਲਈ ਆਪ ਨੇ ਵੱਖ-ਵੱਖ ਹੁਨਰਾਂ ਦੇ ਕਿਰਤੀਆਂ ਨੂੰ ਇਥੇ ਵਸਾਇਆ। ਇਤਿਹਾਸ ਅਨੁਸਾਰ ਇਹ ਵੱਖ-ਵੱਖ ਤਰ੍ਹਾਂ ਦੇ 52 ਕਿੱਤਿਆਂ ਨਾਲ ਸਬੰਧਿਤ ਲੋਕ ਸਨ। ਸ੍ਰੀ ਗੁਰੂ ਰਾਮਦਾਸ ਜੀ ਵਲੋਂ ਵਸਾਇਆ ਇਹ ਨਗਰ ਮਨੁੱਖੀ ਬਰਾਬਰੀ ਅਤੇ ਭਰਾਤਰੀ ਭਾਵ ਦੀ ਇਕ ਮਿਸਾਲ ਬਣਿਆ। ਆਪ ਨੇ ਇਥੇ ਵੱਖ-ਵੱਖ ਸ਼੍ਰੇਣੀਆਂ ਦੇ ਲੋਕ ਵਸਾਏ ਸਨ।

ਆਪ ਜੀ ਨੇ ਧੁਰ ਕੀ ਬਾਣੀ ਦਾ ਅਮੁੱਲ ਤੇ ਵੱਡਾ ਭੰਡਾਰ ਮਨੁੱਖਤਾ ਦੀ ਝੋਲੀ ਪਾਇਆ। ਗੁਰੂ ਪਾਤਸ਼ਾਹ ਦੀ ਬਾਣੀ ਮਨੁੱਖ ਮਾਤਰ ਲਈ ਸੁੱਖਾਂ ਦਾ ਖ਼ਜ਼ਾਨਾ ਤੇ ਆਤਮਿਕ ਅਨੰਦ ਪ੍ਰਦਾਨ ਕਰਨ ਵਾਲੀ ਹੈ। ਇਸ ਵਿਚ ਮਨੁੱਖ ਮਾਤਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਇਹ ਸਾਡੀ ਅਧਿਆਤਮਿਕ ਤੇ ਸਮਾਜਿਕ ਅਗਵਾਈ ਕਰਦੀ ਹੋਈ ਚੰਗਾ ਜੀਵਨ ਜਿਊਣ ਲਈ ਮਾਰਗ-ਦਰਸ਼ਨ ਦਿੰਦੀ ਹੈ। ਦੇਸ਼-ਵਿਦੇਸ਼ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਪਿਆਰ ਨਾਲ ਮਨਾਇਆ ਗਿਆ। ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਇਹ ਪਹਿਲੀ ਵਾਰ ਹੈ ਕਿ ਜਦੋਂ 12 ਇਤਿਹਾਸਕ ਦਰਵਾਜ਼ਿਆਂ ਦੁਆਲੇ ਇਸ ਨਗਰ ਕੀਰਤਨ ਨੇ ਪਰਿਕਰਮਾ ਕੀਤੀ। ਦੇਸ਼ ਵਿਦੇਸ਼ ਤੋਂ ਪਹੁੰਚੇ ਜਥਿਆਂ, ਸੁਸਾਇਟੀਆਂ, ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਅਤੇ ਯੂ.ਐਸ.ਏ. ਤੋਂ ਖਾਲਸਾਈ ਬਾਣੇ ਵਿਚ 150 ਸਿੰਘਾਂ ਦਾ ਜੱਥਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਇਆ। ਸ੍ਰੀ ਹਰਿਮੰਦਰ ਸਾਹਿਬ ਵਿਚ ਵੱਡੇ ਸੁੰਦਰ ਜਲੌਅ ਸਜਾਏ ਗਏ। ਸਾਰੇ ਗੁਰਦੁਆਰਾ ਕੰਪਲੈਕਸ ਨੂੰ ਬੜੇ ਵਧੀਆ ਢੰਗ ਨਾਲ ਫੁੱਲਾਂ ਨਾਲ ਸਜਾਇਆ ਗਿਆ ਸੀ ਅਤੇ ਦੀਪਮਾਲਾ ਹਰ ਇਕ ਦਾ ਮਨ ਮੋਹ ਰਹੀ ਸੀ। ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਨੇ ਇਸ ਅਲੌਕਿਕ ਦ੍ਰਿਸ਼ ਦਾ ਆਨੰਦ ਮਾਣਿਆ।

ਆਉ, ਆਪਾਂ ਸਾਰੇ ਗੁਰੂ ਸਾਹਿਬ ਦੇ ਮਹਾਨ ਜੀਵਨ ਨੂੰ ਯਾਦ ਕਰਦਿਆਂ ਆਪਣੇ ਅੰਦਰ ਨਿਮਰਤਾ, ਸੇਵਾ ਅਤੇ ਸਿਮਰਨ ਦੇ ਭਾਵ ਪੈਦਾ ਕਰਦੇ ਹੋਏ ਸਿੱਖ-ਪੰਥ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ।

**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
**98152-69145**



# ਬਾਬਾ ਬੁੱਢਾ ਜੀ ਜਨਮ ਦਿਵਸ ’ਤੇ ਵਿਸ਼ੇਸ਼



ਬਾਬਾ ਬੁਢਾ ਜੀ ਬੜੇ ਉੱਚੇ ਸੁਚੇ, ਕਰਨੀ ਵਾਲੇ ਪ੍ਰਸਿਧ, ਗੁਰਸਿੱਖ ਹੋਏ ਹਨ। ਉਨ੍ਹਾਂ ਨੇ ਗੁਰਸਿੱਖੀ ਦਾ ਉਪਦੇਸ ਸ੍ਰੀ ਗੁਰੂ ਨਾਨਕ ਦੇਵ ਜੀ ਲਿਆ ਅਤੇ ਛੇਵੀਂ ਪਾਤਿਸ਼ਾਹੀ ਦੇ ਸਮੇਂ ਤੀਕ ਗੁਰਸਿੱਖੀ ਦਾ ਨਮੂਨਾ ਬਣ ਕੇ ਜੀਵਨ ਬਤੀਤ ਕੀਤਾ।

ਬਾਬਾ ਜੀ ਦਾ ਜਨਮ ਸੁਘੇ ਰੰਧਾਵੇ ਜਟ ਦੇ ਘਰ ਗੌਰਾਂ ਦੀ ਕੁੱਖ ਤੋਂ ਕਤਕ ਸੰਮਤ ੧੫੬੩ ਨੂੰ ਕੱਥੂ ਨੰਗਲ, ਜ਼ਿਲਾ ਅੰਮ੍ਰਿਤਸਰ ਵਿੱਚ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਨਾਂ ਬੂੜਾ ਰੱਖਣ, ਮਗਰੋਂ ਗੁਰੂ ਨਾਨਕ ਦੇਵ ਜੀ ਦੇ ਬਚਨ ਜਬ ਉਨ੍ਹਾਂ ਦਾ ਨਾਂ ਬੁਢਾ ਜੀ ਪੈ ਗਿਆ। ਬੂੜਾ ਜੀ ਦੇ ਜਨਮ ਤੋਂ ਕੁਝ ਚਿਰ ਮਗਰੋਂ ਉਨ੍ਹਾਂ ਦੇ ਮਾਪੇ ਪਿੰਡ ਰਮਦਾਸ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਆ ਵੱਸੇ।

ਆਪ ਯਾਰ੍ਹਾਂ ਬਾਰ੍ਹਾਂ–ਵਰ੍ਹਿਆਂ ਦੇ ਸਨ, ਤਦ ਗੁਰੂ ਨਾਨਕ ਦੇਵ ਜੀ ਫਿਰਦੇ ਫਿਰਾਦੇਂ ਅਤੇ ਸਤਿਨਾਮੁ ਦੇ ਗੱਫੇ ਵਰਤਾਂਦੇ ਰਮਦਾਸ ਪਿੰਡ ਦੇ ਪਾਸ ਆ ਟਿਕੇ। ਬੂੜਾ ਜੀ ਵੀ ਮੱਝਾਂ ਚਾਰਦੇ ਓਥੇ ਆ ਗਏ। ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦਾ ਉਪਦੇਸ਼ ਸੁਣਿਆ। ਉਨ੍ਹਾਂ ਦੇ ਮਨ ਵਿੱਚ ਅਜਿਹੀ ਰੀਝ ਪੈਦਾ ਹੋ ਗਈ ਕਿ ਉਹ ਰੋਜ਼ ਨੇਮ ਨਾਲ ਗੁਰੂ ਜੀ ਪਾਸ ਆ ਬਿਹਾ ਕਰਨ ਅਤੇ ਕਿੰਨਾ ਕਿੰਨਾ ਚਿਰ ਟਿਕ ਬੈਠ ਕੇ ਉਨ੍ਹਾਂ ਦੇ ਦਰਸ਼ਨ ਕਰਦੇ ਤੇ ਕੰਨ ਲਾ ਕੇ ਬਚਨ ਸੁਣਦੇ ਰਿਹਾ ਕਰਨ। ਨਾਲ ਹੀ ਉਹ ਗੁਰੂ ਜੀ ਵਾਸਤੇ ਦੁੱਧ ਲਿਆ ਕੇ ਬੜੇ ਪ੍ਰੇਮੀ ਨਾਲ ਭੇਟ ਕਰਿਆ ਕਰਨ।




**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**


ਇਕ ਦਿਨ ਗੁਰੂ ਜੀ ਨੇ ਉਹਨਾਂ ਨੂੰ ਕਿਹਾ, ‘ਕਾਕਾ ਤੇਰਾ ਕੀ ਨਾਂ ਹੈ? ਤੂੰ ਕੀ ਕੰਮ ਕਰਦਾ ਹੁੰਦਾ ਏਂ?’

**ਬੂੜਾ ਜੀ-** ਸੱਚੇ ਪਾਤਸ਼ਾਹ, ਮੈਂ ਰਮਦਾਸ ਵਿੱਚ ਰਹਿਣ ਵਾਲੇ ਇੱਕ ਜੱਟ ਦਾ ਪੁੱਤ ਹਾਂ। ਮਾਪਿਆਂ ਨੇ ਮੇਰਾ ਨਾਮ ਬੂੜਾ ਰੱਖਿਆ ਹੈ, ਮੈਂ ਮੱਝਾਂ ਚਾਰਿਆ ਕਰਦਾ ਹਾਂ।

**ਗੁਰੂ ਜੀ-**ਤੂੰ ਕੀ ਇੱਛਾ ਧਾਰ ਕੇ ਸਾਡੇ ਪਾਸ ਆਉਂਦਾ ਹੈ? ਤੂੰ ਕੀ ਚਾਹੁੰਦਾ ਹੈ?

**ਬੂੜਾ ਜੀ–** ਸੱਚੇ ਪਾਤਸ਼ਾਹ! ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁਖ ਤੇ ਡਰ ਤੋਂ ਬਚਾਓ, ਇਸ ਚੁਰਾਸੀ ਦੇ ਗੇੜ ਵਿੱਚੋਂ ਕੱਢੋ, ਮੁਕਤੀ ਬਖਸ਼ੋ।

**ਗੁਰੂ ਜੀ–** ਕਾਕਾ! ਤੇਰੀ ਤੇ ਹਾਲਾਂ ਖੇਡਣ–ਮੱਲ੍ਹਣ, ਖਾਣ–ਹਡਾਉਣ ਦੀ ਉਮਰ ਹੈ। ਤੈਨੂੰ ਮੌਤ ਤੇ ਮੁਕਤੀ ਦੇ ਖਿਆਲਾਂ ਨੇ ਕਿਵੇਂ ਆ ਫੜਿਆ? ਵੱਡਾ ਹੋਵੇਂਗਾ ਤਾਂ ਇਹ ਗੱਲਾਂ ਕਰੀਂ।


**ਬੂੜਾ ਜੀ** - ਮਹਾਰਾਜ ਜੀ! ਮੌਤ ਦਾ ਕੀ ਵਸਾਹ? ਕੀ ਪਤਾ ਕਦੋਂ ਆ ਝੱਫੇ! ਖਬਰੇ ਵੱਡਾ ਹੋਵਾਂ ਕਿ ਨਾ ਹੀ ਹੋਵਾਂ।

**ਗੁਰੂ ਜੀ–** ਤੈਨੂੰ ਇੰਨੀ ਛੋਟੀ ਉਮਰੇ ਇਹ ਸੋਚ ਕਿਵੇਂ ਫੁਰੀ, ਕਾਕਾ ਬੂੜਿਆ।

**ਬੂੜਾ ਜੀ-** ਮਹਾਰਾਜ ਜੀ, ਉਹ ਇਉਂ! ਕੁਝ ਚਿਰ ਹੋਇਆ, ਪਠਾਣ ਸਾਡੇ ਪਿੰਡ ਪਾਸ ਦੀ ਲੰਘੇ, ਉਹ ਬਦੋ ਬਦੀ ਸਾਡੀਆਂ ਫਸਲਾਂ ਵੱਢ ਕੇ ਲੈ ਗਏ– ਪੱਕੀਆਂ ਵੀ ਕੱਚੀਆਂ ਵੀ, ਤੇ ਅੱਧ ਪੱਕੀਆਂ ਵੀ। ਓਦੋ ਤੋਂ ਮੈਨੂੰ ਘੜੀ ਮੁੜੀ ਖਿਆਲ ਆਉਂਦਾ ਹੈ ਕਿ ਜਿਵੇਂ ਪਠਾਣ ਕੱਚੀਆਂ ਪੱਕੀਆਂ ਫਸਲਾਂ, ਵੱਢ ਕੇ ਲੈ ਗਏ ਹਨ ਤਿਵੇਂ ਹੀ ਮੌਤ ਵੀ ਬੱਚੇ, ਗਭਰੂ ਅਧਖੜ, ਬੁਢੇ ਨੂੰ ਜਦੋਂ ਜੀ ਕਰੇ ਆ ਨਪੇਗੀ। ਕੀ ਪਤਾ ਮੇਰੀ ਵਾਰੀ ਕਦੋਂ ਆ ਜਾਵੇ? ਇਸ ਕਰਕੇ ਮੈਂ ਮੌਤ ਤੋਂ ਡਰਦਾ ਹਾਂ। ਤੁਹਾਡੇ ਪਾਸ ਇਹ ਆਸ ਧਾਰ ਕੇ ਆਉਂਦਾ ਹਾਂ ਕਿ ਤੁਸੀਂ ਮੇਰਾ ਇਹ ਡਰ ਦੂਰ ਕਰੋਗੇ।

ਗੁਰੂ ਜੀ ਹੱਸ ਪਏ ਅਤੇ ਕਹਿਣ ਲਗੇ, ‘ਤੂੰ ਹੈ ਤਾਂ ਬੱਚਾ, ਪਰ ਗੱਲਾਂ ਬੁਢਿਆਂ ਵਾਲੀਆਂ ਕਰਦਾ ਹੈ। ਤੂੰ ਬੱਚਾ ਨਹੀਂ, ਤੂੰ ਬੁਢਾ ਹੈ। ਤਕੜਾ ਹੋ, ਬੁਢੇ ਬਾਲਕਾ! ਰੱਬ ਮੌਤ ਨਾਲੋਂ ਕਿਤੇ ਵਧੇਰੇ ਵੱਡਾ ਤੇ ਬਲਵਾਨ ਹੈ। ਜੇ ਤੂੰ ਉਸ ਦਾ ਹੋ ਜਾਵੇਂ, ਤਾਂ ਮੌਤ ਤੈਨੂੰ ਡਰਾ ਨਾ ਸਕੇਗੀ, ਉਹ ਤੈਥੋਂ ਡਰਨ ਲਗ ਪਵੇਗੀ, ਤੂੰ ਅਮਰ ਹੋ ਜਾਵੇਂਗਾ, ਜਨਮ ਮਰਨ ਦੇ ਗੇੜ ਤੋਂ ਛੁਟ ਜਾਵੇਂਗਾ। ਰੱਬ ਨੂੰ ਹਰ ਵੇਲੇ ਚੇਤੇ ਰਖਿਆ ਕਰ, ਉਸ ਦਾ ਨਾਮ ਜਪਿਆ ਕਰ, ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਿਆ ਕਰ, ਉਨ੍ਹਾਂ ਦੀ ਪਿਆਰ ਨਾਲ ਸੇਵਾ ਕਰਿਆ ਕਰ, ਜੋ ਤੇਰੇ ਹਿਰਦੇ ਵਿਚ ਰੱਬ ਦਾ ਡਰ ਭਰ ਜਾਵੇ, ਤੂੰ ਉਸ ਨੂੰ ਖੁਸ਼ ਕਰਨ ਦੇ ਜਤਨ ਕਰਦਾ ਰਹੇਂ, ਤਾਂ ਤੇਰੇ ਮਨ ਵਿੱਚ ਰੱਬ ਲਈ ਪਿਆਰ ਪੈਦਾ ਹੋ ਪਵੇ, ਫੇਰ ਮੌਤ ਦਾ ਵੀ ਤੇ ਹੋਰ ਸਭੇ ਡਰ ਵੀ ਮਿਟ ਜਾਣ, ਤੈਨੂੰ ਮੁਕਤੀ ਮਿਲ ਜਾਵੇਗੀ।

ਉਸ ਦਿਨ ਤੋਂ ਬੂੜਾ ਜੀ ਦਾ ਨਾਂ 'ਬੁਢਾ' ਜੀ ਪੈ ਗਿਆ। ਸਿੱਖ ਉਨ੍ਹਾਂ ਨੂੰ ਸਤਕਾਰ ਨਾਲ ਬਾਬਾ ਬੁਢਾ ਜੀ ਆਖਦੇ ਹਨ। ਬੁਢਾ ਜੀ ਨੇ ਸਿੱਖੀ ਧਾਰਨ ਕੀਤੀ ਉਹ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣ ਗਏ। ਉਹ ਘਰ-ਬਾਰ ਛੱਡ ਕੇ ਗੁਰੂ ਜੀ ਦੇ ਦਰਬਾਰੇ ਰਹਿਣ ਲੱਗ ਪਏ। ਸਾਰਾ ਦਿਨ ਸੰਗਤਾਂ ਦੀ ਸੇਵਾ ਟਹਿਲ ਕਰਦੇ, ਖੇਤਾਂ ਵਿਚ ਜਾ ਕੇ ਖੇਤੀ ਬਾੜੀ ਦਾ ਕੰਮ ਨਿਬਾਹੁੰਦੇ ਅਤੇ ਨਾਮ ਜਪਦੇ ਰਹਿੰਦੇ। ਉਨ੍ਹਾਂ ਨੇ ਆਪਣਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ ਅਤੇ ਗੁਰੂ ਜੀ ਦੇ 'ਨਾਮ ਜਪਣ' ਕਿਰਤ ਕਰਨ ਤੇ ਵੰਡ ਕੇ ਛਕਣ ਦੇ ਉਪਦੇਸ਼ ਨੂੰ ਕਮਾ ਕੇ ਵਿਖਾਇਆ। ਸੰਗਤਾਂ ਆਪ ਨੂੰ ਸਤਕਾਰ ਨਾਲ 'ਬਾਬਾ ਜੀ' ਆਖਣ ਲੱਗ ਪਈਆਂ।



ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਉਪਰ ਬਹੁਤ ਪਰਸੰਨ ਸਨ, ਇੰਨੇ ਪ੍ਰਸੰਨ ਕਿ ਜਦੋਂ ਆਪ ਨੇ ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਨੂੰ ਸੌਂਪੀਂ, ਤਾਂ ਉਨ੍ਹਾਂ ਨੂੰ ਗੁਰਿਆਈ ਦੀ ਰਸਮ ਆਪ ਨੇ ਬਾਬਾ ਬੁਢਾ ਜੀ ਪਾਸੋਂ ਅਦਾ ਕਰਵਾਈ। ਮਗਰੋਂ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਨੂੰ ਗੁਰਤਾ ਦੀ ਰਸਮ ਵੀ ਬਾਬਾ ਬੁਢਾ ਜੀ ਹੀ ਅਦਾ ਕਰਦੇ ਰਹੇ।

ਭਗਤੀ ਕਮਾਈ ਦਾ ਸਦਕਾ ਬਾਬਾ ਜੀ ਨੇ ਆਤਮਿਕ ਉੱਚਤਾ ਪਰਾਪਤ ਕੀਤੀ। ਸਿਖ ਸੰਗਤਾਂ ਵਿਚ ਉਹਨਾਂ ਦਾ ਖਾਸ ਸਤਿਕਾਰ ਹੋਣ ਲੱਗ ਪਿਆ। ਜਦ ਪਹਿਲੀ ਪਾਤਸ਼ਾਹੀ ਦੇ ਜੋਤੀ ਜੋਤ ਸਮਾਉਣ ਮਗਰੋਂ ਵੀ ਸ੍ਰੀ ਗੁਰੂ ਅੰਗਦ ਦੇਵ ਗੁਪਤ-ਵਾਸ ਵਿੱਚ ਹੀ ਰਹੇ ਅਤੇ ਆਪ ਦੇ ਦਰਸ਼ਨਾਂ ਦੇ ਅਭਿਲਾਸ਼ੀ ਸਿਖ ਆਪ ਨੂੰ ਲਭ ਨਾ ਸਕੇ, ਤਾਂ ਮੁਖੀ ਸਿਖ ਬਾਬਾ ਬੁਢਾ ਜੀ ਪਾਸ ਪਹੁੰਚੇ, ਜੋ ਉਸ ਵੇਲੇ ਆਪਣੇ ਪਿੰਡ ਰਮਦਾਸ ਰਹਿੰਦੇ ਸਨ, ਅਤੇ ਬੇਨਤੀ ਕੀਤੀ ਕਿ ਆਪਣੀ ਆਤਮਕ ਸ਼ਕਤੀ ਵਰਤ ਕੇ ਪਤਾ ਕਰੋ ਕਿ ਗੁਰੂ ਜੀ ਕਿੱਥੇ ਹਨ ਅਤੇ ਫਿਰ ਉਨ੍ਹਾਂ ਨੂੰ ਪਰਗਟ ਹੋ ਕੇ ਦਰਸ਼ਨ ਦੇਣ ਲਈ ਪ੍ਰੇਰੋ। ਬਾਬਾ ਬੁਢਾ ਜੀ ਨੇ ਰਾਤ ਦੀ ਇਕਾਂਤ ਸਮੇਂ ਪਾਠ ਕਰ ਕੇ, ਗੁਰੂ ਜੀ ਦਾ ਧਿਆਨ ਧਰ ਕੇ ਅਰਦਾਸ ਕੀਤੀ। ਉਨ੍ਹਾਂ ਨੂੰ ਖਡੂਰ ਸਾਹਿਬ ਦੀ ਮਾਈ ਨਿਭਾਈ ਦੇ ਘਰ ਬਿਰਾਜ਼ ਰਹੇ ਗੁਰੂ ਜੀ ਦੇ ਦਰਸ਼ਨ ਹੋਏ। ਅਗਲੀ ਸਵੇਰ ਉਹ ਖਡੂਰ ਸਾਹਿਬ ਗਏ ਅਤੇ ਸੰਗਤਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਾਏ।

ਇਸੇ ਤਰ੍ਹਾਂ ਜਦ ਤੀਜੇ ਸਤਿਗੁਰੂ, ਦਾਤੂ ਦੇ ਕ੍ਰੋਧ ਤੇ ਈਰਖਾ ਕਰਨ ਕਰਕੇ ਬਾਸਰਕੇ ਜਾ ਕੇ ਗੁਪਤ ਹੋ ਬੈਠੇ ਸਨ, ਤਾਂ ਵੀ ਸੰਗਤਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਲਭੋ ਤੇ ਪ੍ਰਗਟ ਕਰੋ। ਜਿਸ ਕੋਠੇ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਬੈਠੇ ਸਨ, ਉਸ ਦੀ ਕੰਧ ਨੂੰ ਸਨ੍ਹ ਲਾ ਕੇ ਬਾਬਾ ਜੀ ਨੇ ਆਪ ਨੂੰ ਪ੍ਰੇਰਿਆ ਕਿ ਸੰਗਤਾਂ ਨੂੰ ਦਰਸ਼ਨ ਦਿਓ।

ਜਦ ਪੰਚਮ ਪਾਤਸ਼ਾਹ ਨੇ ਸ੍ਰੀ ਦਰਬਾਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਤਿਆਰੀ ਅਰੰਭੀ ਤਾਂ ਬਾਬਾ ਜੀ ਇਸ ਸਵਾ ਦੇ ਮੋਢੀ ਪ੍ਰਬੰਧਕ ਬਣੇ। ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਤ ਉਤਰ-ਪੂਰਬ ਦੀ ਬਾਹੀ ਵਲ 'ਬਾਬਾ ਬੁਢਾ ਜੀ' ਦੀ ਬੇਰੀ ਹੁਣ ਤੀਕ ਮੌਜੂਦ ਹੈ। ਇਸੇ ਬੇਰੀ ਹੇਠ ਬਹਿ ਕੇ ਉਹ ਸੰਗਤਾਂ ਪਾਸੋਂ ਠੀਕ ਢੰਗ ਨਾਲ ਸੇਵਾ ਕਰਵਾਇਆ ਕਰਦੇ ਸਨ। ਉਹ ਹੱਥੀ ਸੇਵਾ ਵੀ ਕਰਦੇ ਸਨ। ਸੰਗਤਾਂ ਨੂੰ ਕਹੀਆਂ, ਟੋਕਰੀਆਂ ਤੇ ਹੋਰ ਸਮਿਆਨ ਦਿਆ ਕਰਦੇ ਸਨ ਅਤੇ ਸਾਰੇ ਕੰਮ ਦੀ ਨਿਗਰਾਨੀ ਕਰਿਆ ਕਰਦੇ ਸਨ।

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਝਬਾਲ ਦੇ ਪਾਸ ਕਾਫੀ ਸਾਰੀ ਭੌਂ ਗੁਰੂ ਜੀ ਨੂੰ ਭੇਟ ਹੋਈ ਸੀ। ਏਥੇ ਗੁਰੂ ਸਾਹਿਬਾਂ ਦਾ ਮਾਲ ਡੰਗਰ ਚਰਿਆ ਕਰਦਾ ਸੀ। ਇਸ ਨੂੰ ਬੀੜ ਆਖਦੇ ਸਨ। ਇਸ ਬੀੜ ਦੀ ਤੇ ਇਸ ਵਿਚਲੇ ਮਾਲ ਡੰਗਰ ਦੀ ਸੰਭਾਲ ਬਾਬਾ ਬੁਢਾ ਜੀ ਨੂੰ ਸੌਂਪੀ ਗਈ। ਬਾਬਾ ਜੀ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਇਸ ਬੀੜ ਵਿੱਚ ਗੁਰੂ ਘਰ ਦੀ ਸੇਵਾ ਕਰਦਿਆਂ ਗੁਜਾਰਿਆ। ਇਸ ਬੀੜ ਦਾ ਨਾਂ, ਬਾਬਾ ਬੁਢਾ ਜੀ ਦੀ ਬੀੜ ਜਾਂ ਬਾਬੇ ਦੀ ਬੀੜ ਪੈ ਗਿਆ। ਏਥੇ ਇਸ ਨਾਂ ਦਾ ਇਤਿਹਾਸਕ ਗੁਰਦੁਆਰਾ ਹੈ।

ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਿਆਸ ਦੇ ਕੰਢੇ ਉੱਤੇ ਸ੍ਰੀ ਗੁਰੂ ਅਰਜਨ ਦੇਵ ਦੇ ਵਸਾਏ ਨਗਰ ਸ੍ਰੀ ਹਰਿਗੋਬਿੰਦ ਪੁਰ ਵਿਚ ਜਾ ਟਿਕੇ ਅਤੇ ਓਥੇ ਉਨ੍ਹਾਂ ਨੂੰ ਜੰਗ ਕਰਨਾ ਪਿਆ, ਤਾਂ ਬਾਬਾ ਬੁਢਾ ਜੀ ਆਪ ਦੇ ਦਰਸ਼ਨਾਂ ਲਈ ਸ੍ਰੀ ਹਰਿਗੋਬਿੰਦ ਪੁਰ ਗਏ। ਉੱਥੇ ਉਨ੍ਹਾਨੇਂ ਬੇਨਤੀ ਕੀਤੀ ਹੁਣ ਮੈਂ ਬਹੁਤ ਬਿਰਧ ਹੋ ਗਿਆ ਹਾਂ। ਬੀੜ ਦੀ ਸੇਵਾ ਤੋਂ ਛੁੱਟੀ ਬਖਸ਼ੋਂ ਅਤੇ ਆਗਿਆ ਕਰੋ ਕਿ ਮੈਂ ਆਪਣੇ ਪਿੰਡ ਰਮਦਾਸ ਜਾ ਕੇ ਭਜਨ ਬੰਦਗੀ ਕਰਦਾ ਉਮਰ ਦੇ ਅਖ਼ੀਰੀ ਦਿਨ ਬਿਤਾਵਾਂ। ਨਾਲ ਹੀ ਬਚਨ ਦਿਓ ਕਿ ਜਦੋਂ ਮੈਂ ਦਰਸ਼ਨਾਂ ਲਈ ਅਰਦਾਸ ਕਰਾਂ, ਆਪ ਨੇ ਜ਼ਰੂਰ ਬਹੁੜਨਾ।"

ਗੁਰੂ ਜੀ ਦੀ ਆਗਿਆ ਲੈ ਕੇ ਬਾਬਾ ਜੀ ਰਮਦਾਸ ਜਾ ਟਿਕੇ ਅਤੇ ਭਜਨ ਬੰਦਗੀ ਵਿੱਚ ਰੁਝ ਗਏ। ਅੰਤ ਨੂੰ ਉਨ੍ਹਾਂ ਨੇ ਪਰਤੀਤ ਕੀਤਾ ਕਿ ਸਾਡੀ ਸਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਉਨ੍ਹਾਂ ਨੇ ਇੱਕ-ਮਨ ਹੋ ਕੇ ਗੁਰੂ ਜੀ ਨੂੰ ਧਿਆਇਆ ਤੇ ਦਰਸ਼ਨਾਂ ਲਈ ਬੇਨਤੀ ਕੀਤੀ। ਗੁਰੂ ਜੀ ਝਟ ਆ ਬਹੁੜੇ। ਉਨ੍ਹਾਂ ਦੇ ਦਰਸ਼ਨ ਕਰ ਕੇ, ਅਸੀਸ ਲੈ ਕੇ, ਬਾਬਾ ਜੀ ੧੪ ਮੱਘਰ ਸੰਮਤ ੧੬੮੮ ਨੂੰ ਸਚਖੰਡ ਨੂੰ ਪਧਾਰ ਗਏ। ਉਨ੍ਹਾਂ ਦੀ ਉਮਰ ਉਸ ਵੇਲੇ ਸਵਾ ਸੌ ਸਾਲ ਤੋਂ ਵੱਧ ਸੀ।

# ਲੋਭੀ ਤੇ ਆਲਸੀ ਮਨ

'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।


**ਇੰਜੀ. ਪਰਮਿੰਦਰਜੀਤ ਸਿੰਘ, ਸੰਪਾਦਕ**

**ਸੇਵਾ ਥੋਰੀ ਮਾਂਗਨੁ ਬਹੁਤਾ॥ ਮਹਲੁ ਨ ਪਾਵੈ ਕਹਤੋ ਪਹੁਤਾ॥**

**(ਸੂਹੀ ਮ. ੫. ਪੰਨਾ ੭੩੮)**

ਲੋਭੀ, ਤ੍ਰਿਸ਼ਨਾਲੂ ਤੇ ਆਲਸੀ ਬੰਦਾ ਚਾਹੁੰਦਾ ਤਾਂ ਇਹ ਹੈ ਕਿ ਮੈਨੂੰ ਸਭ ਕੁਝ ਹੀ ਮਿਲ ਜਾਵੇ। ਖਿਆਲੀ ਘੋੜੇ ਦੁੜਾਉਂਦਾ ਤਾਂ ਇਹ ਇਥੇ ਤੱਕ ਪਹੁੰਚ ਜਾਂਦਾ ਹੈ ਕਿ ਮੈਨੂੰ ਤ੍ਰਿਲੋਕੀ ਦਾ ਰਾਜ ਹੀ ਮਿਲ ਜਾਵੇ। ਪਰ ਉਸ ਦੇ ਇਵਜ਼ ਵਿਚ ਬਦਲੇ ਵਿਚ ਜੋ ਦੇਣਾ ਹੈ ਇਹ ਦੇਣ ਲਈ ਤਿਆਰ ਨਹੀਂ। ਇਹ ਚਾਹੁੰਦਾ ਹੈ ਕਿ ਕਰਨਾ ਕੁਝ ਵੀ ਨਾ ਪਵੇ ਤੇ ਮਿਲ ਸਭ ਕੁਝ ਹੀ ਜਾਵੇ। ਤੇ ਜੇ ਇਸ ਨੂੰ ਕਿਹਾ ਜਾਵੇ ਕਿ ਕੁਝ ਤੂੰ ਵੀ ਕਰ ਤਾਂ ਹੀ ਕੁਝ ਮਿਲੇਗਾ। ਫਿਰ ਅੱਗੇ ਉੱਤਰ ਤਿਆਰ ਹੈ ਕਿ ਫਿਰ ਰੱਬ ਦੀ ਕ੍ਰਿਪਾ ਕੀ ਹੋਈ? ਅਨੰਦ ਤੇ ਤਾਂ ਹੀ ਹੈ ਕਿ ਬਿਨਾਂ ਕੀਤਿਆਂ ਹੀ ਸਭ ਕੁਝ ਮਿਲ ਜਾਵੇ।

ਪੁਰਾਣੇ ਮੁਹਾਵਰਿਆਂ ਵਿਚ ਬੜੀਆਂ ਰਮਜ਼ਾਂ ਹਨ, ਬੜੇ ਬਰੀਕ ਇਸ਼ਾਰੇ ਹਨ। ਕੁਝ ਖਾਸ ਵਿਅੰਗ ਹਨ। ਇਕ ਮੁਹਾਵਰਾ ਹੈ ਕਿ ਪ੍ਰਮਾਤਮਾ ਜਦੋਂ ਦਿੰਦਾ ਹੈ, ਛੱਪਰ ਪਾੜ ਕੇ ਦਿੰਦਾ ਹੈ। ਛੱਪਰ ਪਾੜਨ ਦਾ ਕੀ ਭਾਵ ਹੈ? ਅਸੀਂ ਕਹਿ ਦਿੰਦੇ ਹਾਂ ਪਰ ਇਸ ਦੇ ਭਾਵ ਬਾਰੇ ਅਸੀਂ ਬਹੁਤ ਘੱਟ ਹੀ ਸੋਚਿਆ ਹੈ। ਜੇ ਕੋਈ ਦੇਣ ਵਾਸਤੇ ਸਾਡੇ ਘਰ ਆ ਜਾਵੇ ਤੇ ਆਖੇ ਮੈਂ ਦੇਣ ਵਾਸਤੇ ਆਇਆ ਹਾਂ; ਤਾਂ ਘੱਟੋ-ਘੱਟ ਸਾਨੂੰ ਦਰਵਾਜ਼ਾ ਤਾਂ ਖੋਲ੍ਹਣਾ ਹੀ ਪਵੇਗਾ। ਆਏ ਨੂੰ ਇਹ ਤਾਂ ਕਹਿਣਾ ਹੀ ਪਵੇਗਾ ਕਿ ਤੁਹਾਡਾ ਸ਼ੁਕਰਾਨਾ ਹੈ। ਜਲ-ਪਾਣੀ ਤਾਂ ਪੁੱਛਣਾ ਹੀ ਪਵੇਗਾ। ਛੱਪਰ ਪਾੜਨ ਦਾ ਭਾਵ ਹੈ ਕਿ ਕੋਈ ਉੱਪਰੋਂ ਛੱਤ ਪਾੜ ਕੇ ਹੀ ਸੁੱਟ ਜਾਵੇ ਉੱਠ ਕੇ ਦਰਵਾਜ਼ਾ ਵੀ ਨਾ ਖੋਲ੍ਹਣਾ ਪਵੇ।



ਮੈਂ ਆਲਸੀਆਂ ਦੇ ਸਬੰਧ ਵਿਚ ਇਕ ਮਜ਼ਾਕ ਸੁਣਿਆ ਸੀ ਕਿ ਇਕ ਤਰਸਵਾਨ ਦਾਨੀ ਇਕ ਆਲਸੀ ਨੂੰ ਕਹਿਣ ਲੱਗਾ, "ਲੈ ਇਹ ਪੈਸੇ ਲੈ ਲੈ। ਅੱਗੋਂ ਉਹ ਕਹਿਣ ਲੱਗਾ ਫਿਰ ਕਿਸੇ ਵੇਲੇ ਦੇ ਜਾਵੀਂ।" ਦਾਨੀ ਵੀ ਹੈਰਾਨ ਹੋਇਆ ਕਿ ਹੁਣ ਤੈਨੂੰ ਪੈਸੇ ਲੈਣ ਵਿਚ ਕੀ ਤਕਲੀਫ ਹੈ ਹੁਣੇ ਹੀ ਕਿਉਂ ਨਹੀਂ ਲੈ ਲੈਂਦਾ? ਕਹਿਣ ਲੱਗਾ ਹੁਣ ਲੇਟਿਆ ਹਾਂ ਤੇ ਜੇਬ ਥੱਲੇ ਆਈ ਹੈ ਪੈਸੇ ਪਾਵਾਂਗਾ ਕਿੱਥੇ? ਇਹ ਮਜ਼ਾਕ ਹੀ ਨਹੀਂ, ਇਕ ਵਿਅੰਗ ਹੈ। ਮਨੁੱਖ ਚਾਹੁੰਦਾ ਹੈ ਕੋਈ ਛੱਪਰ ਪਾੜ ਕੇ ਸੁੱਟ ਜਾਏ ਪਰ ਧਨ ਦੇ ਮਸਲੇ ਵਿਚ ਨਹੀਂ, ਧਰਮ ਦੇ ਮਸਲੇ ਵਿਚ ਵੀ ਸੱਚ ਹੈ। ਮੈਂ ਅੱਖੀਂ ਵੇਖਿਆ ਹੈ ਕਿ ਗੰਦਾ-ਮੰਦਾ ਨਾਵਲ ਕੋਈ ਮੁਫ਼ਤ ਦੇਵੇ ਬੰਦਾ ਸਾਂਭ ਕੇ ਰੱਖ ਲੈਂਦਾ ਹੈ। ਪਰ ਕੋਈ ਧਾਰਮਿਕ ਗ੍ਰੰਥ ਦੇਵੇ ਤਾਂ ਕੌਣ ਸਾਂਭਦਾ ਹੈ। ਇਕ ਵਾਰ ਇਕ ਈਸਾਈ ਮਿਸ਼ਨਰੀ ਨੂੰ ਵੇਖਿਆਸੀ ਜੋ ਮੁਫ਼ਤ ਬਾਈਬਲ ਵੰਡ ਰਿਹਾ ਸੀ, ਇਕ ਸੱਜਣ ਨੇ ਲਈ ਤੇ ਅੱਗੇ ਸੁੱਟ ਦਿੱਤੀ। ਇਹੀ ਹਾਲ ਹੈ ਧਰਮ ਦਾ ਬੰਦਾ ਕੁਝ ਕਰਨ ਲਈ ਤਿਆਰ ਨਹੀਂ। ਮੰਗ ਇਸ ਦੀ ਏਨੀ ਵੱਡੀ ਹੈ ਕਿ ਧਰਮ ਮੈਨੂੰ ਸੰਸਾਰ ਦੇ ਸਾਰੇ ਹੀ ਸੁਖ ਦੇ ਦੇਵੇ। ਪਰ ਧਰਮ ਬੰਦੇ ਕੋਲ ਹੋਵੇਗਾ ਤਾਂ ਹੀ ਕੁਝ ਦੇਵੇਗਾ ਧਰਮ ਬੰਦੇ ਕੋਲ ਹੈ ਨਹੀਂ ਸਿਰਫ਼ ਧਰਮ ਦੀ ਕਲਪਨਾ ਹੀ ਹੈ। ਧਰਮ ਦੀ ਕਲਪਨਾ ਇੰਝ ਹੈ ਕਿ ਜਿਵੇਂ ਕਿਸੇ ਬੰਦੇ ਕੋਲ ਫਰੂਟ ਦਾ ਚਿੱਤਰ ਹੋਵੇ, ਚਿੱਤਰ ਤੋਂ ਕਿਵੇਂ ਰੱਜੇਗਾ? ਇਸ ਕੋਲ ਨੋਟ ਨਹੀਂ, ਨੋਟਾਂ ਦੇ ਚਿੱਤਰ ਹਨ। ਨਾ ਇਸ ਕੋਲ ਨਾ ਸਿਮਰਨ ਹੈ, ਨਾ ਸੇਵਾ ਹੈ ਇਸ ਦੀ ਹਾਲਤ ਤਾਂ ਅਜਿਹੀ ਹੈ ਜਿਵੇਂ ਕੋਈ ਘਰ ਵਿਚ ਪਲਾਸਟਕ ਦਾ ਪੌਦਾ ਲਾ ਦੇਵੇ ਉਸ ਨੂੰ ਪਾਣੀ ਦੀ ਲੋੜ ਨਹੀਂ ਪਰ ਉਸ ਕੋਲੋਂ ਫਲ ਦੀ ਆਸ ਵੀ ਨਾ ਰੱਖੇ, ਉਥੇ ਫਲ ਕਿਵੇਂ ਲੱਗਣਗੇ?

ਇਕ ਦ੍ਰਿਸ਼ਟਾਂਤ ਹੈ-ਇਕ ਧਨਵਾਨ ਨੇ ਘੋੜੇ ਦੀ ਦੇਖਭਾਲ ਲਈ ਇਕ ਨੌਕਰ ਰੱਖਿਆ। ਨੌਕਰ ਬਿਲਕੁਲ ਹੀ ਨਿਕੰਮਾ ਸੀ। ਸਿਰੇ ਦਾ ਆਲਸੀ ਸੀ। ਅੱਠੇ ਪਹਿਰ ਸੁਸਤ ਰਹਿਣ ਵਾਲਾ ਸੀ। ਹੋਰ ਕੋਈ ਨੌਕਰ ਲੱਭਦਾ ਨਹੀਂ ਸੀ ਮਜਬੂਰੀ ਸੀ ਚਲੋ ਜਿੰਨਾ ਚਿਰ ਹੋਰ ਕੋਈ ਚੰਗਾ ਹੁਸ਼ਿਆਰ ਨੌਕਰ ਨਹੀਂ ਲੱਭ ਜਾਂਦਾ ਇਸੇ ਨਾਲ ਕੰਮ ਚਲਾਈ ਜਾਂਦੇ ਹਾਂ। ਇਕ ਦਿਨ ਇਹ ਨੌਕਰ ਆਪਣੀ ਮਾਂ ਨੂੰ ਕਹਿਣ ਲੱਗਾ, ਮਾਂ ਮੈਂ ਵੀ ਆਪਣਾ ਘਰ ਆਪਣੇ ਮਾਲਕ ਵਰਗਾ ਬਣਾਵਾਂਗਾ। ਮੈਂ ਵੀ ਘੋੜੇ ਰੱਖਾਂਗਾ ਫਿਰ ਮੈਂ ਵੀ ਘੋੜਿਆਂ ਦੀ ਦੇਖਭਾਲ ਵਾਸਤੇ ਨੌਕਰ ਰੱਖਾਂਗਾ। ਨੌਕਰ ਵੀ ਮਾਲਕ ਬਨਣ ਦੇ ਸੁਪਨੇ ਲੈਂਦੇ ਹਨ। ਭਿਖਾਰੀ ਵੀ ਸਮਰਾਟ ਬਨਣ ਲਈ ਸੋਚਦੇ ਰਹਿੰਦੇ ਹਨ। ਮਾਂ ਹੱਸ ਪਈ, ਕਹਿਣ ਲੱਗੀ, "ਕਮਲੇ ਬੇਟੇ ਪਹਿਲਾਂ ਤਾਂ ਤੈਨੂੰ ਕੋਈ ਨੌਕਰ ਰੱਖਣ ਵਾਸਤੇ ਹੀ ਤਿਆਰ ਨਹੀਂ ਸੀ ਤੂੰ ਇੰਨਾ ਸੁਸਤ ਹੈਂ। ਹੁਣ ਜੇ ਨੌਕਰੀ ਮਿਲ ਗਈ ਹੈ ਤਾਂ ਠੀਕ ਤਰ੍ਹਾਂ ਕੰਮ ਕਰ ਸਾਡੀ ਰੋਟੀ ਚਲਦੀ ਜਾਵੇ। ਅੱਗੋਂ ਉਹ ਕਹਿਣ ਲੱਗਾ ਮਾਂ ਕੋਈ

ਅਜਿਹਾ ਢੰਗ ਨਹੀਂ ਕਿ ਮੇਰੀ ਤਨਖਾਹ ਵਧ ਜਾਵੇ। ਮਾਂ ਨੇ ਕਿਹਾ ਢੰਗ ਹੈ ਈਮਾਨਦਾਰੀ ਨਾਲ ਮਿਹਨਤ ਕਰ ਫਿਰ ਮਾਲਕ ਖੁਸ਼ ਹੋ ਜਾਵੇਗਾ ਤੇ ਤੇਰੀ ਤਨਖਾਹ ਵਧਾ ਦੇਵੇਗਾ। ਇਸ ਨੇ ਪੁੱਛਿਆ ਮਾਲਕ ਖੁਸ਼ ਹੋਵੇਗਾ ਇਸ ਦੀ ਕੋਈ ਨਿਸ਼ਾਨੀ? ਮਾਂ ਨੇ ਕਿਹਾ ਜਦੋਂ ਖੁਸ਼ ਹੋਵੇਗਾ ਹੱਸਦਾ ਹੋਵੇਗਾ ਉਸ ਵੇਲੇ ਬੇਸ਼ੱਕ ਆਪਣੀ ਬੇਨਤੀ ਕਰਨੀ ਕਿ ਮਾਲਕ ਕ੍ਰਿਪਾ ਕਰਕੇ ਮੇਰੀ ਕੁਝ ਤਨਖਾਹ ਵਧਾ ਦਿਉ। ਇਹ ਸਮਝ ਗਿਆ ਤੇ ਤਾੜ ਵਿਚ ਸੀ ਕਿ ਕਦੋਂ ਮਾਲਕ ਹੱਸੇ ਤੇ ਮੈਂ ਬੇਨਤੀ ਕਰਾਂ ਕਿ ਮਾਲਕ ਮੇਰੀ ਤਨਖਾਹ ਵਧਾ ਦਿਉ। ਪਰ ਮਾਲਕ ਬੜਾ ਗੰਭੀਰ ਸੀ, ਹੱਸਦਾ ਨਹੀਂ ਸੀ। ਖੈਰ ਸਮਾਂ ਬੀਤਦਾ ਗਿਆ। ਇਕ ਦਿਨ ਘੋੜੇ ਦਾ ਰਖਵਾਲਾ ਨੌਕਰ ਸੁੱਤਾ ਪਿਆ ਸੀ। ਚੋਰ ਆਇਆ ਤੇ ਬੜੀ ਆਸਾਨੀ ਨਾਲ ਘੋੜਾ ਚੋਰੀ ਕਰ ਕੇ ਲੈ ਗਿਆ। ਦਿਨ ਚੜ੍ਹਿਆ ਮਾਲਕ ਨੇ ਕਿਤੇ ਜਾਣਾ ਸੀ ਆਵਾਜ਼ ਦਿੱਤੀ ਕਿ ਘੋੜਾ ਤਿਆਰ ਕਰੋ। ਇਹ ਸੁੱਤਾ-ਸੁੱਤਾ ਜਾਗਿਆ ਤੇ ਕਹਿਣ ਲੱਗਾ, ਮਾਲਕ ਥੋੜ੍ਹੀ ਦੇਰ ਲੱਗੇਗੀ, ਥੋੜ੍ਹਾ ਉਡੀਕਣਾ ਪਵੇਗਾ। ਮਾਲਕ ਨੇ ਪੁੱਛਿਆ, "ਕਿਉਂ? ਕਹਿਣ ਲੱਗਾ ਕਿਉਂਕਿ ਘੋੜਾ ਚੋਰ ਲੈ ਗਿਆ ਹੈ। ਮਾਲਕ ਲੋਹਾ ਲਾਖਾ ਹੋਇਆ, ਕ੍ਰੋਧ ਨਾਲ ਭਰਿਆ ਇਸ ਦੇ ਕੋਲ ਆਇਆ।" ਇਹ ਕਹਿਣ ਲੱਗਾ, ਬਸ ਹੁਣੇ ਹੀ ਮੈਂ ਚੋਰ ਤੇ ਘੋੜਾ ਦੋਵੇਂ ਹੀ ਤੁਹਾਡੇ ਹਵਾਲੇ ਕਰ ਦਿਆਂਗਾ। ਚੋਰ ਘੋੜਾ ਤਾਂ ਲੈ ਗਿਆ ਹੈ ਬੰਨ੍ਹਣ ਵਾਲਾ ਕਿੱਲਾ ਨਹੀਂ ਲੈ ਕੇ ਗਿਆ। ਹੁਣੇ ਆਵੇਗਾ ਤਾਂ ਮੈਂ ਫੜ ਕੇ ਤੁਹਾਡੇ ਹਵਾਲੇ ਕਰ ਦਿਆਂਗਾ। ਮਾਲਕ ਇਸ ਦੀ ਮੂਰਖਤਾ ਤੇ ਹੱਸ ਪਿਆ ਇਸ ਨੂੰ ਮਾਂ ਦੀ ਗੱਲ ਯਾਦ ਆ ਗਈ, ਕਹਿਣ ਲੱਗਾ।

ਮਾਲਕ ਮੇਰੀ ਥੋੜ੍ਹੀ ਤਨਖਾਹ ਵਧਾ ਦਿਉ। ਅੱਗੋਂ ਕੀ ਹੋਇਆ ਹੋਵੇਗਾ। ਇਹ ਅਸੀਂ ਆਪ ਅੰਦਾਜ਼ਾ ਲਗਾ ਲਈਏ। ਅਸੀਂ ਚਾਹੁੰਦੇ ਤਾਂ ਇਹੀ ਹਾਂ ਕਿ ਪ੍ਰਮਾਤਮਾ ਹੋਰ ਵਧਾ ਦੇ, ਸਾਡੀ ਤਨਖਾਹ ਹੋਰ ਵਧਾ ਦੇ। ਪਰ ਜੋ ਉਸ ਨੇ ਸਾਨੂੰ ਜ਼ਿੰਮੇਵਾਰੀ ਸੌਂਪੀ ਸੀ ਅਸੀਂ ਇਮਾਨਦਾਰੀ ਨਾਲ ਉਸ ਜ਼ਿੰਮੇਵਾਰੀ ਨੂੰ ਨਿਭਾਇਆ ਹੈ ਕਿ ਨਹੀਂ? ਅਸੀਂ ਤਾਂ ਉਸ ਦਾ ਦਿੱਤਾ ਸਭ ਕੁਝ ਹੀ ਲੁਟਾ ਦਿੱਤਾ ਹੈ। ਇਹ ਸਰੀਰ, ਇਹ ਹਿਰਦਾ ਇਸਦਾ ਅਸੀਂ ਕੀ ਹੱਲ ਕੀਤਾ ਹੈ? ਅਸੀਂ ਤਨ ਵੀ ਬਰਬਾਦ ਕਰ ਦਿੱਤਾ ਹੈ।

**ਖਸਮੁ ਵਿਸਾਰਿ ਕੀਏ ਰਸ ਭੋਗ ॥**
**ਤਾਂ ਤਨਿ ਉਠ ਖਲੋਏ ਰੋਗ ।**

ਅਸੀਂ ਉਸ ਦੇ ਦਿੱਤੇ ਦੀ ਰਖਵਾਲੀ ਕਰਨ ਦੀ ਬਜਾਇ ਸਭ ਕੁਝ ਹੀ ਲੁਟਾ ਦਿੱਤਾ ਹੈ। ਮਨ ਪਾਪਾਂ ਨਾਲ, ਮੰਦੇ ਵਿਚਾਰਾਂ ਨਾਲ ਭਰ ਦਿੱਤਾ ਹੈ। ਅਸੀਂ ਤਾਂ ਉਸਦਾ ਪਵਿੱਤਰ ਸਰੋਵਰ ਸਰੀਰ ਗੰਦਗੀ ਨਾਲ ਭਰ ਦਿੱਤਾ ਹੈ। ਫਿਰ ਕਹਿੰਦੇ ਹਾਂ ਕਿ ਪ੍ਰਮਾਤਮਾ ਸਾਡੀ ਤਨਖਾਹ ਵਧਾ ਦੇ।

ਗੁਰੂ ਨਾਨਕ ਦੇਵ ਸੱਚ ਕਹਿੰਦੇ ਹਨ –

**ਤੇਰੇ ਲਾਲੇ ਕਿਆ ਚਤੁਰਾਈ ॥**
**ਸਾਹਿਬ ਕਾ ਹੁਕਮੁ ਨਾ ਕਰਣਾ ਜਾਈ ॥**

**(ਮਾਰੂ ਮ. ੧, ਪੰਨਾ ੯੯੧)**

ਭਾਈ ਗੁਰਦਾਸ ਜੀ ਠੀਕ ਕਹਿੰਦੇ ਹਨ ਕਿ

**ਅਪੁਨੀ ਕਰਨੀ ਕਰਿ ਨਰਕ ਹੂੰ ਨਾ ਪਾਵਉ ਠੌਰ,**
**ਤੁਮਰੇ ਬਿਰਦ ਕਰਿ ਆਸਰੇ ਸੰਭਾਰ ਹੌ ।**

ਅਸੀਂ ਤਾਂ ਚਾਹੁੰਦੇ ਹਾਂ, ਅਸੀਂ ਮਾਲਕ ਵਾਂਗੂੰ ਬੈਠੇ ਰਹੀਏ ਤੇ ਪ੍ਰਮਾਤਮਾ ਨੌਕਰਾਂ ਵਾਂਗੂੰ ਸਾਡੇ ਸਾਰੇ ਹੀ ਕੰਮ ਕਰਦਾ ਰਹੇ। ਪਰ ਇਹ ਭਗਤੀ ਹੈ? ਕੀ ਇਹ ਸੇਵਕੀ ਹੈ? ਭਗਤੀ ਸੇਵਕੀ ਤਾਂ ਇਹ ਹੈ ਕਿ ਤਨ-ਮਨ ਲਾ ਕੇ ਉਸ ਦੀ ਸੇਵਾ ਕਰੀਏ। ਜੇ ਕੰਮ ਸਿਰੇ ਨਾ ਚੜ੍ਹੇ ਤਾਂ ਫਿਰ ਉਸ ਅੱਗੇ ਜੋਦੜੀ ਕਰੀਏ ਕਿ ਹੇ ਪਿਤਾ! ਜੋ ਸ਼ਕਤੀ ਤੁਸੀਂ ਦਿੱਤੀ ਸੀ ਉਸ ਨਾਲ ਕਾਰਜ ਰਾਸ ਨਹੀਂ ਹੋਇਆ ਹੋਰ ਸ਼ਕਤੀ ਪ੍ਰਦਾਨ ਕਰੋ ਪਰ ਇਹ ਗੱਲ ਤਾਂ ਆਖੀਏ ਜੇ ਪਹਿਲੀ ਸਾਰੀ ਸ਼ਕਤੀ ਵਰਤ ਲਈਏ, ਸੇਵਾ ਪੂਰੀ ਕਰੀਏ, ਮੰਗਣ ਦੀ ਲੋੜ ਬਿਲਕੁਲ ਨਹੀਂ ਪਵੇਗੀ। ਬਿਨਾਂ ਮੰਗਿਆਂ ਸਭ ਕੁਝ ਮਿਲੇਗਾ ਪਰ ਇਹ ਮਤਿ ਤਾਂ ਹੀ ਆਵੇਗੀ ਜੇ ਬਹੀਐ ਪੜਿਆ ਪਾਸਿ।

# ਸਿੱਖ ਰਹਿਤ ਮਰਯਾਦਾ

## ਜਨਮ ਤੇ ਨਾਮ ਸੰਸਕਾਰ

(ੳ) ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿੱਤਾ ਬੰਨਾ' (ਸੋਰਠਿ ਮ: ੫) 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ: ੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ, ਉਪਰੰਤ, ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ।

ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ।

ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ, ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਅ) ਜਨਮ ਦੇ ਸੰਬੰਧ ਵਿਚ ਖਾਣ-ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ :

**"ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥**
**ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥"**

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।

# ਆਜ਼ਾਦ ਸਿੱਖ ਸਟੇਟ ਕਾਇਮ ਕਰਨ ਵਾਲਾ ਯੋਧਾ : ਬਾਬਾ ਬੰਦਾ ਸਿੰਘ ਬਹਾਦਰ

**ਡਾ. ਹਰਚੰਦ ਸਿੰਘ ਸਰਹਿੰਦੀ**



ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਸਿੱਖਾਂ ਨੇ ਅਠਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਮੁ.ਗਲਾਂ ਨੂੰ ਪਹਿਲੀ ਵਾਰ ਸਿੱਖ ਸ਼ਕਤੀ ਦਾ ਅਹਿਸਾਸ ਕਰਵਾਇਆ ਅਤੇ ਉਨ੍ਹਾਂ ਦੇ ਅਜਿੱਤ ਹੋਣ ਦੇ ਘੁਮੰਡ ਨੂੰ ਤੋੜ ਕੇ ਰੱਖ ਦਿੱਤਾ – ਗ਼ਜ਼ਨਵੀ, ਤੈਮੂਰ ਤੇ ਬਾਬਰ ਦੇ ਖ਼ਾਨਦਾਨਾਂ ਵਿਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ। ਇਸ ਤਰ੍ਹਾਂ ਬੰਦਾ ਬਹਾਦਰ, ਪੰਜਾਬ ਦੇ ਇਤਿਹਾਸਕ ਰੰਗ–ਮੰਚ ’ਤੇ ਅਚਾਨਕ ਇਕ ਜਾਂਬਾਜ਼ ਯੋਧੇ ਤੇ ਜੇਤੂ ਜਰਨੈਲ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਪ੍ਰਸਿੱਧ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਲਿਖਦਾ ਹੈ ਕਿ ਉਹ ਸਿਕੰਦਰ, ਨੈਪੋਲੀਅਨ, ਨਾਦਰਸ਼ਾਹ ਤੇ ਅਹਿਮਦਸ਼ਾਹ ਅਬਦਾਲੀ ਤੋਂ ਘੱਟ ਸ਼ਕਤੀਸ਼ਾਲੀ ਯੋਧਾ ਨਹੀਂ ਸੀ।

ਮੁ.ਗਲਾਂ ਦੀ ਜ਼ੁਲਮੋ–ਜਬਰ ਨਾਲ ਨੱਕੋ–ਨੱਕ ਭਰੀ ਸਲਤਨਤ ਨੂੰ ਢਹਿ–ਢੇਰੀ ਕਰਨ ਦੀ ਸ਼ੁਰੂਆਤ ਕਰਨ ਵਾਲੇ ਇਸ ਲਾਸਾਨੀ ਯੋਧੇ ਦਾ ਜਨਮ 16 ਅਕਤੂਬਰ 1670 ਈ. ਨੂੰ ਜੰਮੂ–ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਰਾਜੌਰੀ ਵਿਖੇ ਰਾਮਦੇਵ (ਰਾਜਪੂਤ) ਦੇ ਘਰ ਹੋਇਆ। ਉਸ ਦਾ ਬਚਪਨ ਦਾ ਨਾਂ ਲਛਮਣ ਦਾਸ ਸੀ। ਗਰਭਵਤੀ ਹਿਰਨੀ ਦੇ ਸ਼ਿਕਾਰ ਦੀ ਬਹੁ–ਚਰਚਿਤ ਘਟਨਾ ਤੋਂ ਸਿਵਾ, ਉਸ ਦੇ ਬਚਪਨ ਬਾਰੇ ਹੋਰ ਕੋਈ ਖਾਸ ਜਾਣਕਾਰੀ ਉਪਲਬਧ ਨਹੀਂ ਹੈ। ਇਸ ਪ੍ਰਥਾਇ, ਡਾ. ਗੰਡਾ ਸਿੰਘ ਦਾ ਕਥਨ ਹੈ – "ਉਨ੍ਹਾਂ ਮਨੁੱਖਾਂ ਦੀ ਤਰ੍ਹਾਂ ਜਿਨ੍ਹਾਂ ਗਰੀਬ ਘਰਾਣਿਆਂ ’ਚ ਜਨਮ ਲਿਆ ਅਤੇ ਜੀਵਨ ਦੇ ਆਖਰੀ ਦਿਨੀਂ ਪ੍ਰਸਿੱਧੀ ਪ੍ਰਾਪਤ ਕੀਤੀ ਹੋਵੇ, ਲਛਮਣ ਦਾਸ ਦੇ ਬਚਪਨ ਦਾ ਕੁਝ ਪਤਾ ਨਹੀਂ।"

ਜਵਾਨੀ ਦੀ ਦਹਿਲੀਜ਼ ’ਤੇ ਪੈਰ ਧਰਦਿਆਂ ਹੀ, ਲਛਮਣ ਦਾਸ ਘਰ–ਬਾਰ ਤਿਆਗ ਕੇ ਬੈਰਾਗੀ ਬਣ ਗਿਆ ਸੀ। ਉਸ ਦੇ ਗੁਰੂ ਨੇ ਉਸ ਦਾ ਨਾਂ ਬਦਲ ਕੇ ਮਾਧੋ ਦਾਸ ਰੱਖ ਦਿੱਤਾ। ਵੱਖ–ਵੱਖ ਥਾਵਾਂ ਦੀ ਯਾਤਰਾ ਕਰਨ ਉਪਰੰਤ ਮਾਧੋ ਦਾਸ ਨੇ ਨਾਂਦੇੜ ਦੇ ਨੇੜੇ, ਗੋਦਾਵਰੀ ਦਰਿਆ ਦੇ ਕੰਢੇ, ਇਕ ਸ਼ਾਂਤ ਤੇ ਸੁੰਦਰ ਸਥਾਨ ’ਤੇ ਆਪਣਾ ਟਿਕਾਣਾ ਬਣਾ ਲਿਆ। ਇਸ ਸਥਾਨ ’ਤੇ ਹੀ 3 ਸਤੰਬਰ, 1708 ਈ. ਨੂੰ ਸੂਰਜ ਗ੍ਰਹਿਣ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਦੀ ਮਾਧੋ ਦਾਸ ਨਾਲ ਪਹਿਲੀ ਮੁਲਾਕਾਤ ਹੋਈ। ਇਹ ਕ੍ਰਿਸ਼ਮਈ ਮੁਲਾਕਾਤ ਜਦੋਂ ਇਤਿਹਾਸ ਵਿਚ ਉਤਰੀ ਤਾਂ ਸੰਸਾਰ–ਤਿਆਗੀ ਕੱਟੜ ਵੈਸ਼ਨੋ ਸਾਧ, ਇਕ ਸੂਰਬੀਰ ਸਿਪਾਹੀ ਬਣ ਚੁੱਕਾ ਸੀ। ਖ਼ੈਰ!

ਮਾਧੋ ਦਾਸ ਬੈਰਾਗੀ ਨੂੰ ਗੁਰੂ ਸਾਹਿਬ ਨੇ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਦਾ ਨਾਂ ਅਤੇ 'ਬਹਾਦੁਰ' ਦਾ ਖ਼ਿਤਾਬ ਬਖ਼ਸ਼ਿਆ। ਫਿਰ ਕੁਝ ਅਰਸੇ ਬਾਅਦ (ਅਕਤੂਬਰ, 1708 ਦੇ ਆਸ–ਪਾਸ) ਉਸ ਨੂੰ ਖ਼ਾਲਸੇ ਦਾ ਜਥੇਦਾਰ ਥਾਪ ਕੇ ਪੰਜਾਬ ਵੱਲ ਭੇਜਿਆ। ਸਲਾਹਕਾਰਾਂ ਵਜੋਂ ਪੰਜ ਪਿਆਰੇ ਅਤੇ 20 ਹੋਰ ਸਿੰਘ ਨਾਲ ਭੇਜੇ। ਪੰਜ ਤੀਰ ਅਤੇ ਇਕ ਨਗਾਰਾ ਬਖ਼ਸ਼ਿਆ। ਬੱਸ, ਇਸ ਦੇ ਨਾਲ ਹੀ, ਬੰਦਾ ਸਿੰਘ ਬਹਾਦਰ ਦੇ ਸਿਰਨਾਵੇਂ ਨਾਲ ਸਿੱਖ ਇਤਿਹਾਸ ਦਾ ਦੂਜਾ ਭਾਗ ਆਰੰਭ ਹੋ ਜਾਂਦਾ ਹੈ। ਗ਼ੌਰਤਲਬ ਹੈ ਕਿ ਬੰਦਾ ਬਹਾਦਰ ਦੀ ਕਮਾਨ ਹੇਠ ਕੇਵਲ 25 ਸਿੰਘਾਂ ਦੇ ਜਥੇ ਨੂੰ ਸ਼ਕਤੀਸ਼ਾਲੀ ਮੁ.ਗਲ ਹਕੂਮਤ ਨਾਲ ਸਿੱਧੀ ਟੱਕਰ ਲੈਣ ਲਈ ਪੰਜਾਬ ਵੱਲ ਭੇਜਣਾ, ਹਿੰਦੁਸਤਾਨ ਦੇ ਇਤਿਹਾਸ ਦੀ ਇਕ ਬੇਮਿਸਾਲ ਘਟਨਾ ਹੈ। ਤੁਸੀਂ ਵੇਖੋਗੇ ਕਿ ਬੰਦਾ ਬਹਾਦਰ ਨੇ ਪੰਜਾਬ ਪਹੁੰਚ ਕੇ ਕੁਝ ਮਹੀਨਿਆਂ ਵਿਚ ਹੀ ਮੁ.ਗਲ ਹਕੂਮਤ ਦੀਆਂ ਨੀਹਾਂ ਹਿਲਾ ਕੇ ਰੱਖ ਦਿੱਤੀਆਂ।

ਨਾਂਦੇੜ ਤੋਂ ਦਿੱਲੀ ਪਹੁੰਚਣ ਤੱਕ ਬੰਦਾ ਬਹਾਦਰ ਨਾਲ ਕੇਵਲ ਗਿਣਤੀ ਦੇ ਸਿੰਘ ਸਨ। ਰੋਹਤਕ–ਸੋਨੀਪਤ ਦੇ ਇਲਾਕੇ ਵਿਚ ਦਾਖਲ ਹੋਣ ਉਪਰੰਤ ਖ਼ਾਲਸਾ ਵਹੀਰ ਸਹੇਰੀ–ਖੰਡਾ ਨਾਂ ਦੇ ਦੋ ਜੁੜੇਂ ਪਿੰਡਾਂ ਦੀ ਜੂਹ ਵਿਚ ਰੁਕੀ, ਤਾਂਕਿ ਅਗਲੀ ਰਣਨੀਤੀ ਤੈਅ ਕੀਤੀ ਜਾ ਸਕੇ। ਇਥੋਂ ਹੀ ਬੰਦਾ ਬਹਾਦਰ ਨੇ ਪੰਜਾਬ ਦੇ ਸਿੱਖਾਂ ਦੇ ਨਾਂ ਪੱਤਰ ਲਿਖੇ ਅਤੇ ਗੁਰੂ ਸਾਹਿਬ ਵੱਲੋਂ ਜਾਰੀ ਕੀਤੇ ਹੁਕਮਨਾਮੇ ਭੇਜੇ। ਸੰਦੇਸ਼ ਮਿਲਦਿਆਂ ਹੀ, ਮਾਲਵਾ ਖੇਤਰ ਦੇ ਲਿਤਾੜੇ ਹੋਏ ਹਲ਼–ਵਾਹਕ ਵੱਡੀ ਗਿਣਤੀ ਵਿਚ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। ਸਿੰਘਾਂ ਕੋਲ ਕੇਵਲ ਲੰਬੇ ਨੇਜ਼ੇ, ਤੀਰ ਅਤੇ ਤਲਵਾਰਾਂ ਹੀ ਸਨ, ...ਪਰ ਸਿਦਕ ਉਨ੍ਹਾਂ ਦੇ ਹੱਡੀਂ ਰਚਿਆ ਹੋਇਆ ਸੀ। ਉਂਝ, ਕੁਝ ਲੁਟੇਰੇ ਤੇ ਚੋਰ–ਡਾਕੂ ਵੀ ਨਾਲ ਆ ਰਲੇ ਸਨ।

ਬੰਦਾ ਬਹਾਦਰ ਨੇ ਨੇੜੇ ਹੀ ਸੋਨੀਪਤ ’ਤੇ ਹਮਲਾ ਕਰਕੇ ਆਪਣੀਆਂ ਸੈਨਿਕ ਮੁਹਿੰਮਾਂ ਦਾ ਸ੍ਰੀ ਗਣੇਸ਼ ਕੀਤਾ ਅਤੇ ਮੁ.ਗਲ ਰਾਜਧਾਨੀ ਦੇ ਨੱਕ ਹੇਠ

ਪਲੇਠੀ ਜਿੱਤ ਪ੍ਰਾਪਤ ਕੀਤੀ। ਲਗਦੇ ਹੱਥ ਹੀ, ਕੈਥਲ 'ਤੇ ਕਬਜ਼ਾ ਕਰ ਲਿਆ। ਬੰਦਾ ਬਹਾਦਰ ਦਾ ਸਿਦਕ, ਜੋਸ਼, ਹੌਂਸਲਾ ਤੇ ਗਤੀ ਬੇਮਿਸਾਲ ਸੀ। ਉਹ ਦਰਿਆ ਵਾਂਗੂੰ ਜਿੱਧਰ ਵੀ ਹੋ ਤੁਰਿਆ ਰਸਤਾ ਬਣਦਾ ਗਿਆ। ਉਸ ਨੇ ਥੋੜ੍ਹੇ ਅਰਸੇ ਵਿਚ ਹੀ ਸਮਾਣਾ, ਘੁੜਾਮ, ਠਸਕਾ, ਸ਼ਾਹਬਾਦ, ਮੁਸਤਫ਼ਾਬਾਦ, ਕਪੂਰੀ, ਸਢੌਰਾ ਤੇ ਛੱਤ-ਬਨੂੜ ਵਰਗੇ ਮੁਗ਼ਲਾਂ ਦੇ ਗੜ੍ਹਾਂ ਨੂੰ ਆਪਣੇ ਅਧੀਨ ਕਰ ਲਿਆ। ਸਾਕਾ ਸਰਹਿੰਦ ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਨੂੰ ਤਾਂ ਸਿੰਘ ਲੋਹੇ ਦਾ ਸੁਹਾਗਾ ਬਣ ਕੇ ਟੱਕਰੇ ਅਤੇ ਉਸ ਨੂੰ ਭੋਇੰ 'ਚ ਰਲਾ ਕੇ ਰੱਖ ਦਿੱਤਾ-12 ਮਈ, 1710 ਨੂੰ ਚੱਪੜਚਿੜੀ ਦੇ ਮੈਦਾਨ ਵਿਚ ਹੋਈ ਖ਼ੂਨ-ਡੋਲਵੀਂ ਲੜਾਈ ਵਿਚ ਵਜ਼ੀਰ ਖਾਂ ਮਾਰਿਆ ਗਿਆ ਅਤੇ 14 ਮਈ, 1710 ਨੂੰ ਸਿੱਖ, ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖਲ ਹੋਏ। ਬੰਦਾ ਬਹਾਦਰ ਨੇ ਆਪਣੇ ਇਕ ਜਰਨੈਲ, ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ। ਇਸ ਤਰ੍ਹਾਂ ਸੱਤ ਸੌ ਸਾਲਾਂ ਤੋਂ ਪਏ ਗ਼ੁਲਾਮੀ ਦੇ ਜੂਲੇ ਨੂੰ ਪੰਜਾਬ ਦੇ ਗਲੋਂ ਲਾਹੁਣ ਦੀ ਸ਼ੁਰੂਆਤ ਹੋਈ। ਗੱਲ ਕੀ, ਸਰਹਿੰਦ ਦੀ ਜਿੱਤ ਨੇ ਸਿੱਖਾਂ ਲਈ ਜਿੱਤ ਦੇ ਦਰਵਾਜ਼ੇ ਖੋਲ੍ਹ ਦਿੱਤੇ।

ਇਸੇ ਚੜ੍ਹਤ ਦੌਰਾਨ ਬੰਦਾ ਬਹਾਦਰ ਨੇ ਆਜ਼ਾਦ ਸਿੱਖ ਸਟੇਟ ਦੀ ਸਥਾਪਨਾ ਕਰਕੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ। ਸਢੌਰਾ ਤੇ ਨਾਹਨ ਵਿਚਕਾਰ ਲੋਹਗੜ੍ਹ (ਮੁਖ਼ਲਿਸਗੜ੍ਹ) ਨੂੰ ਆਪਣੀ ਰਾਜਧਾਨੀ ਬਣਾਇਆ।

ਬੰਦਾ ਬਹਾਦਰ ਨੇ ਅਖੌਤੀ ਨੀਵੀਆਂ ਜਾਤੀਆਂ ਨਾਲ ਸੰਬੰਧਤ ਗਰੀਬ-ਗੁਰਬਿਆਂ ਤੇ ਨਿਮਾਣਿਆਂ-ਨਿਤਾਣਿਆਂ ਨੂੰ ਉਚ ਅਹੁਦਿਆਂ 'ਤੇ ਤਾਇਨਾਤ ਕਰਕੇ ਹੁਕਮਰਾਨ ਬਣਾ ਦਿੱਤਾ, ਜਿਨ੍ਹਾਂ ਨੂੰ ਵੱਡੇ ਚੌਧਰੀ ਵੀ ਸਿਜਦਾ ਕਰਨ ਲੱਗੇ। ਇਸ ਤਰ੍ਹਾਂ ਸਿੱਖਾਂ ਦੇ ਪਹਿਲੇ ਬਾਦਸ਼ਾਹ, ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਦੇ ਇਸ ਐਲਾਨਨਾਮੇ :

**"ਇਨ ਗਰੀਬ ਸਿੱਖਨ ਕੋ ਦੇਊਂ ਪਾਤਸ਼ਾਹੀ।**
**ਯਾਦ ਕਰੇਂ ਯੇਹ ਹਮਾਰੀ ਗੁਰਿਆਈ।"**
**ਨੂੰ ਅਮਲੀ ਜਾਮਾ ਪਹਿਨਾਇਆ।**

ਜਿੱਤਾਂ ਦਾ ਸਿਲਸਿਲਾ ਨਿਰੰਤਰ ਜਾਰੀ ਰਿਹਾ ਅਤੇ ਹੌਲੀ-ਹੌਲੀ ਸਿੱਖ ਲਾਹੌਰ ਦੀਆਂ ਕੰਧਾਂ ਤੱਕ ਪਹੁੰਚ ਗਏ। ਇਤਿਹਾਸ ਦੀਆਂ ਨਜ਼ਰਾਂ ਨੇ ਉਹ ਵਕਤ ਵੀ ਦੇਖਿਆ ਹੈ, ਜਦੋਂ ਮੁਗ਼ਲ ਹਕੂਮਤ ਦੀ ਛਾਤੀ ਉਤੇ ਜਮਨਾ ਤੋਂ ਲੈ ਕੇ ਸਤਲੁਜ ਤੱਕ ਦੇ ਇਲਾਕੇ 'ਤੇ ਸਿੱਖਾਂ ਨੇ ਕਬਜ਼ਾ ਕਰ ਲਿਆ। ਬੰਦਾ ਬਹਾਦਰ ਨੇ ਆਪਣੇ ਰਾਜਕਾਲ ਦੌਰਾਨ ਜ਼ਿਮੀਂਦਾਰਾ ਸਿਸਟਮ ਵਿਚ ਸੁਧਾਰ ਕੀਤਾ ਅਤੇ ਬੇਜ਼ਮੀਨੇ ਕਾਸ਼ਤਕਾਰਾਂ ਨੂੰ ਜ਼ਮੀਨਾਂ ਵਾਲੇ ਬਣਾਇਆ।

ਬੰਦਾ ਬਹਾਦਰ ਦੀ ਚੜ੍ਹਤ ਅਤੇ ਹਰ ਮੈਦਾਨ ਫ਼ਤਹਿ ਤੋਂ ਭੈਅ-ਭੀਤ ਹੋ ਕੇ ਮੁਗ਼ਲ ਸਮਰਾਟ, ਬਹਾਦਰ ਸ਼ਾਹ ਖ਼ੁਦ ਵੱਡੀ ਫ਼ੌਜ ਲੈ ਕੇ ਪੰਜਾਬ ਵਿਚ ਦਾਖਲ ਹੋਇਆ। ਬੰਦਾ ਬਹਾਦਰ ਨੂੰ ਪਿੱਛੇ ਹਟਣਾ ਪਿਆ ਅਤੇ ਉਹ ਲੋਹਗੜ੍ਹ ਦਾ ਕਿਲ੍ਹਾ ਛੱਡ ਕੇ ਪਹਾੜਾਂ ਵੱਲ ਨਿਕਲ ਗਿਆ। ਬਹਾਦਰ ਸ਼ਾਹ ਨੇ ਲਾਹੌਰ ਨੂੰ ਆਪਣਾ ਹੈਡ-ਕਵਾਰਟਰ ਬਣਾ ਲਿਆ। ਇਥੇ ਹੀ 19 ਫਰਵਰੀ, 1712 ਨੂੰ ਉਸ ਦੀ ਮੌਤ ਹੋ ਗਈ। ਮੌਕੇ ਤੋਂ ਲਾਭ ਉਠਾਉਂਦਿਆਂ, ਬੰਦਾ ਬਹਾਦਰ ਮੁੜ ਸਰਗਰਮ ਹੋ ਗਿਆ ਅਤੇ ਕਈ ਇਲਾਕਿਆਂ 'ਤੇ ਕਾਬਜ਼ ਹੋ ਗਿਆ।... ਪਰ ਹਾਲਾਤ ਨੇ ਬੰਦਾ ਬਹਾਦਰ ਦਾ ਸਾਥ ਨਾ ਦਿੱਤਾ ਅਤੇ ਉਹ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਆਪਣੇ ਸਾਥੀਆਂ ਸਮੇਤ ਮੁਗ਼ਲ ਫੌਜ ਦੇ ਘੇਰੇ ਵਿਚ ਆ ਗਿਆ। ਇਹ ਘੇਰਾ ਕਈ ਮਹੀਨਿਆਂ ਤੱਕ ਜਾਰੀ ਰਿਹਾ। ਬਾਬਾ ਬਿਨੋਦ ਸਿੰਘ ਅਤੇ ਉਸ ਦੇ ਸਾਥੀ ਅਤਿ ਨਾਜ਼ੁਕ ਦੌਰ ਵਿਚ ਬੰਦਾ ਬਹਾਦਰ ਦਾ ਸਾਥ ਛੱਡ ਕੇ ਗੜ੍ਹੀ 'ਚੋਂ ਬਚ ਨਿਕਲੇ।

ਅੰਤ, 7 ਦਸੰਬਰ, 1715 ਨੂੰ ਸ਼ਾਹੀ ਫੌਜਾਂ ਨੇ ਗੜ੍ਹੀ 'ਤੇ ਕਬਜ਼ਾ ਕਰ ਲਿਆ। ਬੰਦਾ ਬਹਾਦਰ ਅਤੇ ਲਗਪਗ 800 ਸਿੱਖਾਂ ਨੂੰ ਕੈਦੀ ਬਣਾ ਕੇ ਪਹਿਲਾਂ ਲਾਹੌਰ ਲਿਆਂਦਾ ਗਿਆ ਅਤੇ ਫਿਰ ਕੁਝ ਅਰਸੇ ਬਾਅਦ ਜਲੂਸ ਦੀ ਸ਼ਕਲ ਵਿਚ ਦਿੱਲੀ ਲਿਜਾਇਆ ਗਿਆ। ਇਹ ਜਲੂਸ, 27 ਫਰਵਰੀ, 1716 ਨੂੰ ਦਿੱਲੀ ਵਿਚ ਦਾਖਲ ਹੋਇਆ। ਬੰਦਾ ਬਹਾਦਰ ਅਤੇ ਉਸ ਦੇ ਪ੍ਰਮੁੱਖ ਸਾਥੀਆਂ ਨੂੰ ਬਾਕੀਆਂ ਨਾਲੋਂ ਜੁਦਾ ਕੈਦ ਵਿਚ ਰੱਖਿਆ ਗਿਆ।

5 ਮਾਰਚ, 1716 ਨੂੰ ਸਿੱਖ ਕੈਦੀਆਂ ਦਾ ਕਤਲੇਆਮ ਸ਼ੁਰੂ ਹੋਇਆ। ਹਰ ਰੋਜ਼ 100 ਸਿੱਖ ਕਤਲ ਕੀਤੇ ਜਾਂਦੇ ਸਨ। ਇਨ੍ਹਾਂ ਕਤਲਾਂ ਤੋਂ ਬਾਅਦ ਤਿੰਨ ਮਹੀਨਿਆਂ ਤੱਕ ਚੁੱਪ ਵਰਤੀ ਰਹੀ। ਨੋਟ ਕਰੋ। ਕਿਸੇ ਇਕ ਕੈਦੀ ਨੇ ਵੀ ਈਨ ਮੰਨ ਕੇ ਜਾਨ ਦੀ ਖ਼ੈਰ ਨਹੀਂ ਮੰਗੀ।

9 ਜੂਨ, 1716 ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਚੋਣਵੇਂ ਸਾਥੀਆਂ ਨੂੰ ਇਕ ਜਲੂਸ ਦੀ ਸ਼ਕਲ ਵਿਚ ਕੁਤਬ-ਮੀਨਾਰ ਦੇ ਨੇੜੇ ਖ਼ੁਆਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜ਼ੇ ਪਾਸ ਪਹੁੰਚਾਇਆ ਗਿਆ। ਪਹਿਲਾਂ ਬੰਦਾ ਬਹਾਦਰ ਦੇ ਸਾਥੀਆਂ ਨੂੰ ਕਤਲ ਕੀਤਾ ਗਿਆ। ਉਪਰੰਤ, ਬੰਦਾ ਬਹਾਦਰ ਦੇ ਚਾਰ ਸਾਲਾ ਪੁੱਤਰ ਸ਼ਹਿਜ਼ਾਦਾ ਅਜੈ ਸਿੰਘ ਨੂੰ ਕਤਲ ਕਰਕੇ ਉਸ ਦਾ ਧੜਕਦਾ ਹੋਇਆ ਦਿਲ ਬੰਦਾ ਬਹਾਦਰ ਦੇ ਮੂੰਹ ਵਿਚ ਤੁੰਨਿਆ ਗਿਆ। ਫਿਰ ਜੋ ਕੁਝ ਬੰਦਾ ਬਹਾਦਰ ਨਾਲ ਵਾਪਰਿਆ, ਉਸ ਨੂੰ ਲਫ਼ਜ਼ਾਂ ਦੀ ਬੰਦਿਸ਼ ਵਿਚ ਨਹੀਂ ਲਿਆਇਆ ਜਾ ਸਕਦਾ। ਅਸਹਿ ਤਸੀਹੇ ਦੇਣ ਤੋਂ ਇਲਾਵਾ ਭਖਦੇ ਹੋਏ ਲਾਲ ਗਰਮ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਦੋਵੇਂ ਅੱਖਾਂ ਕੱਢੀਆਂ ਗਈਆਂ, ਹੱਥ-ਪੈਰ ਕੱਟ ਦਿੱਤੇ ਗਏ ਅਤੇ ਅੰਤ ਸਿਰ ਕਲਮ ਕਰ ਦਿੱਤਾ ਗਿਆ। ਇਸ ਤਰ੍ਹਾਂ ਬੰਦਾ ਬਹਾਦਰ ਨੂੰ ਸਿੱਖ ਸ਼ਹੀਦੀ ਪਰੰਪਰਾ ਦਾ ਇਕ ਰੌਸ਼ਨ ਸਿਤਾਰਾ ਹੋਣ ਦਾ ਮਾਣ ਪ੍ਰਾਪਤ ਹੈ।

ਪਰ ਸਿੱਖ ਸਮਾਜ ਦਾ ਪਤਾ ਨਹੀਂ ਕਿਹੜੇ ਰੋਸਿਆਂ ਨੂੰ ਫੜੀ ਬੈਠਾ ਹੈ? ਕਿ ਤਿੰਨ ਸਦੀਆਂ ਲੰਘ ਜਾਣ ਉਪਰੰਤ ਵੀ ਉਹ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਪ੍ਰਾਪਤੀਆਂ ਨੂੰ ਪੂਰੀ ਮਾਨਤਾ ਨਹੀਂ ਦੇ ਰਿਹਾ। ਸੁਣੀਆਂ-ਸੁਣਾਈਆਂ ਗੱਲਾਂ 'ਤੇ ਆਧਾਰਤ ਰੋਸਿਆਂ ਨੂੰ ਸਦਾ ਲਈ ਪੱਲੇ ਬੰਨ੍ਹਣਾ ਠੀਕ ਨਹੀਂ। ਇਤਿਹਾਸ ਦੇ ਕਾਲੇ ਦੌਰ ਵਿਚ ਸਿੱਖਾਂ ਦੀ ਰਹਿਨੁਮਾਈ ਕਰਨ ਅਤੇ ਆਜ਼ਾਦੀ ਦੀ ਸ਼ਮ੍ਹਾਂ 'ਤੇ ਬਲਣ ਵਾਲੇ ਇਸ ਪ੍ਰਵਾਨੇ ਦਾ ਸਤਿਕਾਰ ਕਰਨਾ ਸਾਡਾ ਫਰਜ਼ ਬਣਦਾ ਹੈ।... ਪਾਸ਼ ਦੀ ਗੱਲ ਵੀ ਸੁਣੋ: ਅਖੇ- "ਤੁਹਾਡੇ ਅੰਗ-ਸੰਗ ਤੁਹਾਡੇ ਸ਼ਹੀਦ, ਤੁਹਾਥੋਂ ਕੋਈ ਆਸ ਰੱਖਦੇ ਹਨ।" ਆਪਣੇ ਅੰਦਰ ਝਾਤੀ ਮਾਰ ਕੇ ਵੇਖੋ! ਬੰਦਾ ਬਹਾਦਰ ਹਰ ਦੌਰ ਵਿਚ ਤੁਹਾਡੇ ਅੰਗ-ਸੰਗ ਰਿਹਾ ਹੈ। ਬੰਦਾ ਬਹਾਦਰ, ਸਿੱਖ ਕੌਮ ਦਾ ਕੀਮਤੀ ਸਰਮਾਇਆ ਹੈ, ਜਿਸ ਨੂੰ ਹੋਰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਕੀ ਤੁਸੀਂ ਚਾਹੁੰਦੇ ਹੋ ਕਿ ਬੰਦਾ ਬਹਾਦਰ ਵੀ ਤੁਹਾਡੇ ਵੱਲ ਪਿੱਠ ਕਰ ਲਵੇ?... ਹਰਗਿਜ਼ ਨਹੀਂ, ਕਿਉਂਕਿ ਲੇਖਕ ਖ਼ੂਬ ਸਮਝਦਾ ਹੈ ਕਿ ਹਰ ਸਿੱਖ ਦੇ ਦਿਲ ਦਾ ਇਕ ਸਾਫ਼-ਸੁਥਰਾ ਕੋਨਾ ਆਪਣੇ ਸ਼ਹੀਦਾਂ-ਮੁਰੀਦਾਂ ਲਈ ਸੁਰੱਖਿਅਤ ਹੈ। ਅੰਤ ਵਿਚ, ਕਿਸੇ ਉਰਦੂ ਸ਼ਾਇਰ ਦੀਆਂ ਇਨ੍ਹਾਂ ਸਤਰਾਂ ਅਤੇ ਫਿਰ ਮਿਲਣ ਦੇ ਵਾਅਦੇ ਨਾਲ ਮੈਂ ਤੁਹਾਥੋਂ ਇਜਾਜ਼ਤ ਲਵਾਂਗਾ :

**ਮੈਂ ਨੇ ਆਵਾਜ਼ ਦੀ ਹੈ ਬੜੇ ਨਾਜ਼ ਕੇ ਸਾਥ,**
**ਤੁਮ ਭੀ ਆਵਾਜ਼ ਮਿਲਾ ਦੋ ਮੇਰੀ ਆਵਾਜ਼ ਕੇ ਸਾਥ।**

# ਆਓ ਪਾਣੀ ਦੀ ਕੂਕ ਸੁਣੀਏ

ਸੁਰਿੰਦਰ ਬਾਂਸਲ

ਨਿੱਕੀਆਂ-ਨਿੱਕੀਆਂ ਕਣੀਆਂ ਨੂੰ ਵੇਖੀਏ ਤਾਂ ਲੱਗਦਾ ਹੈ ਜਿਵੇਂ ਉਹ ਪਾਣੀ ਦੇ ਬੀਜ ਹੋਣ। ਬਰਸਾਤ ਧਰਤੀ 'ਚ ਪਾਣੀ ਹੀ ਤਾਂ ਬੀਜਦੀ ਹੈ। ਪਹਿਲੀ ਬਾਰਿਸ਼ ਦੀ ਇਕ-ਇਕ ਕਣੀ ਪੀ ਕੇ ਧਰਤੀ ਦੀ ਗੋਦੀ ਹਰਿਆਉਣ ਲੱਗਦੀ ਹੈ। ਜਿਵੇਂ ਹਰੇਕ ਬੂੰਦ 'ਚੋਂ ਨਵੀਂ ਕਰੂੰਬਲ ਫੁੱਟ ਰਹੀ ਹੋਵੇ, ਜਿਵੇਂ ਵਿਕਾਸ ਦੇ ਸੀਮਿੰਟ ਦੀ ਮਾਰੀ ਧਰਤੀ ਮੁੜ ਫੇਰ ਜਿਉਂਦੀ ਹੋ ਉਠੀ ਹੋਵੇ। ਬਰਸਾਤ ਆਉਂਦਿਆਂ ਹੀ ਉਹ ਫੁੱਲਾਂ, ਫਲਾਂ, ਔਸ਼ਧੀਆਂ ਅਤੇ ਅੰਨ ਉਗਾਉਣ ਲਈ ਉਤਾਵਲੀ ਹੋ ਉਠਦੀ ਹੈ।

ਕੋਈ ਧਰਤੀ ਨੂੰ ਪੁੱਛੇ ਕਿ ਉਸਨੂੰ ਸਭ ਤੋਂ ਵੱਧ ਯਾਦ ਕਿਸਦੀ ਆਉਂਦੀ ਹੈ ਤਾਂ ਉਹ ਯਕੀਨੀ ਤੌਰ 'ਤੇ ਕਹੇਗੀ ਕਿ ਪਾਣੀ ਦੀ। ਆਖ਼ਿਰ ਉਹ ਪਾਣੀ 'ਚੋਂ ਉਪਰ ਉਠ ਕੇ ਹੀ ਤਾਂ ਧਰਤੀ ਬਣੀ ਹੈ। ਉਸਨੇ ਪਾਣੀ ਦੀਆਂ ਲੱਖਾਂ ਵਰ੍ਹੇ ਪੁਰਾਣੀਆਂ ਯਾਦਾਂ ਆਪਣੇ ਸੀਨੇ 'ਚ ਸਾਂਭ ਰੱਖੀਆਂ ਹਨ। ਉਹ ਪਾਣੀ ਨੂੰ ਕਦੀ ਨਹੀਂ ਭੁੱਲਦੀ। ਉਹ ਤਾਂ ਪਾਣੀ ਦੀਆਂ ਯਾਦਾਂ 'ਚ ਹੀ ਡੁੱਬੀ ਰਹਿੰਦੀ ਹੈ। ਗਰਮੀ ਦੀ ਰੁੱਤ 'ਚ ਝੁਲਸਦੀ ਧਰਤੀ ਨੂੰ ਵੇਖੋ ਤਾਂ ਇੰਝ ਲੱਗਦਾ ਹੈ ਜਿਵੇਂ ਉਹ ਜਲ ਦੇ ਵਿਯੋਗ 'ਚ ਤਪ ਰਹੀ ਹੋਵੇ। ਉਸ ਤੋਂ ਹੌਲੀ-ਹੌਲੀ ਦੂਰ ਹੁੰਦਾ ਜਲ ਅਤੇ ਉਸ ਦੇ ਗਰਮ-ਗਰਮ ਸਾਹ ਇਕ ਦਿਨ ਬੱਦਲ ਬਣ ਕੇ ਮੁੜ ਫੇਰ ਉਸੇ 'ਤੇ ਛਾਉਣ ਲੱਗਦੇ ਹਨ ਅਤੇ ਝੁਲਸੀ ਹੋਈ ਧਰਤੀ ਦੇ ਸ਼ਿੰਗਾਰ ਲਈ ਪਾਣੀ ਭਰੇ ਬੱਦਲ ਭੱਜੋ-ਭੱਜੀ ਆਉਂਦੇ ਹਨ।

ਮੀਂਹ ਪੈਂਦਿਆਂ ਹੀ ਚਿੜੀਆਂ ਦੀ ਚਹਿਕ ਖੁੱਲ੍ਹ ਜਾਂਦ ਹੈ। ਉਹ ਘਰ ਦੇ ਵਿਹੜੇ, ਛੱਤਾਂ 'ਤੇ ਦਾਣਾ ਚੁਗਣ ਆਉਂਦੀਆਂ ਹਨ। ਚਿੜੀਆਂ ਦੇ ਖੰਭ ਨਵੀਆਂ ਉਡਾਣਾਂ ਲਈ ਤਾਜ਼ਗੀ ਨਾਲ ਭਰ ਉਠਦੇ ਹਨ। ਸੁੱਕੀਆਂ ਝਾੜੀਆਂ 'ਤੇ ਨਵੀਆਂ ਪੱਤੀਆਂ ਝਿਲਮਿਲਾਉਣ ਲੱਗਦੀਆਂ ਹਨ। ਨਦੀਆਂ, ਝਰਨਿਆਂ ਦੀ ਖੁਸ਼ਕ ਹੋ ਚੁੱਕੀ ਸਰਗਮ ਮੁੜ ਫੇਰ ਸੁਰਜੀਤ ਹੋ ਉਠਦੀ ਹੈ। ਖੇਤ ਕਿਸਾਨਾਂ ਨੂੰ ਹਾਕਾਂ ਮਾਰਨ ਲੱਗਦੇ ਹਨ।

ਜ਼ਿੰਦਗੀ ਦੇ ਗੀਤਾਂ ਦੀ ਸਰਗਮ ਪਾਣੀ ਤੋਂ ਬਿਨ੍ਹਾਂ ਪੂਰੀ ਨਹੀਂ ਹੁੰਦੀ। ਜਿਵੇਂ ਸੰਗੀਤ ਦੇ ਸੱਤ ਸੁਰ ਹੁੰਦੇ ਹਨ, ਇਕ ਸੁਰ ਸਪਤਕ ਹੁੰਦਾ ਹੈ, ਉਸੇ ਤਰ੍ਹਾਂ ਪਾਣੀ ਦੇ ਵੀ ਕਈ ਸੁਰ-ਸਪਤਕ ਹੁੰਦੇ ਹਨ ਜਿਨ੍ਹਾਂ 'ਚ ਪਾਣੀ ਦੇ ਸੁਰ ਡੁੱਬੇ ਰਹਿੰਦੇ ਹਨ। ਠੀਕ ਉਸੇ ਤਰ੍ਹਾਂ ਜਿਵੇਂ ਜਲਤਰੰਗ ਦੇ ਸੱਤ ਕਟੋਰੇ ਹੋਣ, ਜਿਨ੍ਹਾਂ 'ਚੋਂ ਸੰਗੀਤਕਾਰ ਬੜੇ ਸਧੇ ਹੋਏ ਹੱਥਾਂ ਨਾਲ ਇਕ-ਇਕ ਸੁਰ ਚੁੱਕਦਾ ਹੈ। ਇਸੇ ਤਰ੍ਹਾਂ ਸੱਤ ਸਰੋਵਰ, ਸੱਤ ਨਦ ਅਤੇ ਸੱਤ ਸਮੁੰਦਰ ਹਨ। ਸੂਰਜ ਦੀਆਂ ਸਤਰੰਗੀ ਕਿਰਨਾਂ ਵੀ ਤਾਂ ਹੌਲੀ-ਹੌਲੀ ਧਰਤੀ 'ਚੋਂ ਜਲ ਉੱਪਰ ਖਿੱਚਦੀਆਂ ਰਹਿੰਦੀਆਂ ਹਨ। ਜਿੰਨਾ ਜਲ ਉਹ ਉਪਰ ਖਿੱਚਦੀਆਂ ਹਨ ਓਨਾ ਹੀ ਵਾਪਿਸ ਕਰ ਦਿੰਦੀਆਂ ਹਨ। ਸੰਵੇਦਨਸ਼ੀਲ ਲੋਕ ਜਲ ਦੇ ਇਸ ਮੋਹਕ ਸੰਗੀਤ ਨੂੰ ਸੁਣਕੇ ਕਾਮਨਾ ਕਰਦੇ ਹਨ ਕਿ ਸਭਨਾਂ ਦੇ ਜੀਵਨ 'ਚ ਜਲ ਦੇ ਮਨਮੋਹਕ ਸੰਗੀਤ ਦਾ ਪ੍ਰਵਾਹ ਬਣਿਆ ਰਹੇ।

ਜਲ ਸੱਚਮੁੱਚ ਜੀਵਨ ਦਾ ਆਧਾਰ ਹੈ। ਸਭ ਤੋਂ ਪ੍ਰਾਚੀਨ ਮਾਰਗ ਵੀ ਜਲ ਹੀ ਹੈ, ਜਿਹੜਾ ਪਤਾ ਨਹੀਂ ਕਦੋਂ ਤੋਂ ਸਾਨੂੰ ਭਵਸਾਗਰ ਤੋਂ ਪਾਰ ਉਤਾਰਦਾ ਰਿਹਾ ਹੈ। ਅਸੀਂ ਸਭ ਅਖੌਤੀ ਵਿਕਾਸੀਏ ਆਪਣੇ ਲਈ ਸੁੱਕੀਆਂ-ਖੁਸ਼ਕ ਗਲੀਆਂ ਤਲਾਸ਼ਦੇ ਅਤੇ ਸੜਕਾਂ ਬਣਾਉਂਦੇ ਪਾਣੀ ਤੋਂ ਦੂਰ ਆ ਵਸੇ ਹਾਂ। ਪਰ ਪਾਣੀ ਸਾਡਾ ਪਿੱਛਾ ਕਦੋਂ ਛੱਡਣ ਵਾਲਾ ਹੈ। ਵਿਕਾਸ ਦੇ ਮੋਤੀਏ 'ਚ ਬੇਸ਼ੱਕ ਆਪਣਾ ਸੱਚਾ-ਸੁੱਚਾ ਰਸਤਾ ਭੁੱਲ ਚੁੱਕੇ ਹੋਈਏ ਪਰ ਪਾਣੀ ਕਦੀ ਆਪਣਾ ਰਸਤਾ ਨਹੀਂ ਭੁੱਲਦਾ। ਨਦੀਆਂ ਦੇ ਕੰਢੇ ਮੱਲਣ ਵਾਲੇ, ਟੋਭਿਆਂ, ਛੱਪੜਾਂ, ਸਰੋਵਰਾਂ, ਢਾਬਾਂ 'ਚ ਭਰਤ ਪਾ ਕੇ ਪਲਾਟ ਕੱਟਣ ਵਾਲੇ ਸਿਆਸੀ ਦੱਲੇ, ਟਾਊਟ ਬਿਲਡਰ ਧਿਆਨ ਦੇਣ ਕਿ ਪਾਣੀ ਦੀ ਮੈਮੋਰੀ ਕਿਸੇ ਵੀ ਸੁਪਰ ਕੰਪਿਊਟਰ ਤੋਂ ਤੇਜ਼ ਹੁੰਦੀ ਹੈ। ਕਈ ਵਰ੍ਹੇ ਪਹਿਲਾਂ ਬਿਹਾਰ ਦੀ ਕੋਸੀ ਨਦੀ ਦੋ ਸੌ ਸਾਲ ਬਾਅਦ ਵਾਪਿਸ ਆਪਣੇ ਮੂਲ ਰਸਤੇ 'ਤੇ ਪਰਤ ਆਈ ਸੀ। ਉਸ ਤੋਂ ਬਾਅਦ ਨਦੀ ਦੇ ਰਸਤੇ 'ਚ ਵਸੇ ਬਿਹਾਰ ਦੇ ਲਗਭਗ ਸੌ ਪਿੰਡ ਨਕਸ਼ੇ ਤੋਂ ਹੀ ਗਾਇਬ ਹੋ ਗਏ। ਹੁਣ ਜੇਕਰ ਉਤਰਾਖੰਡ ਤੋਂ ਵੀ ਜਿਹੜੀਆਂ ਸਰਕਾਰਾਂ ਸਬਕ ਨਹੀਂ ਲੈਣਗੀਆਂ ਉਹ ਐਸ਼ਪ੍ਰਸਤੀ ਦੇ ਭੁਲੇਖੇ ਦੂਰ ਰੱਖ ਕੇ ਖੰਡ-ਖੰਡ ਹੋਣ ਲਈ ਤਿਆਰ ਰਹਿਣ। ਕਿਉਂਕਿ ਜਦੋਂ ਪਹਾੜ ਮਿਟਦੇ ਹਨ ਫੇਰ ਮੈਦਾਨ ਵੀ ਜ਼ਿਆਦਾ ਚਿਰ ਨਹੀਂ ਬਚਦੇ।

ਪੂਰੇ ਗਏ ਟੋਭਿਆਂ, ਢਾਬਾਂ, ਛੱਪੜਾਂ, ਸਰੋਵਰਾਂ 'ਤੇ ਬਣੀਆਂ ਕਲੋਨੀਆਂ, ਬੱਸ ਸਟੈਂਡਾਂ, ਮਾਲਾਂ ਦੀਆਂ ਨੀਹਾਂ ਪਾਣੀ ਜ਼ਰੂਰ ਉਖੇੜੇਗਾ। ਪਾਣੀ ਆਪਣੇ ਪੁਸ਼ਤੈਨੀ ਘਰਾਂ 'ਤੇ ਕੀਤੇ ਕਬਜ਼ੇ ਜ਼ਰੂਰ ਛੁੜਵਾਏਗਾ। ਕਈ ਸ਼ਹਿਰਾਂ 'ਚ ਪਾਣੀ ਹਰ ਸਾਲ ਆਪਣੇ ਜੱਦੀ ਘਰਾਂ (ਤਲਾਬਾਂ) 'ਤੇ ਹੋਏ ਕਬਜ਼ਿਆਂ ਨੂੰ ਛੁੜਵਾਉਣ ਲਈ ਦਸਤਕ ਦਿੰਦਾ ਹੈ। ਮੁੰਬਈ ਦੀ ਮਿਸਾਲ ਸਾਹਮਣੇ ਹੈ। ਮੁੰਬਈ ਨਾਂਅ ਦਾ ਜਿਹੜਾ ਸ਼ਹਿਰ ਆਪਾਂ ਸਭਨਾਂ ਦੇ ਸਾਹਮਣੇ ਹੈ। ਉਹ ਕਦੀ 150 ਸੋਹਣੇ ਤਲਾਬਾਂ ਨੂੰ ਪੂਰ ਕੇ ਵਸਾਇਆ ਗਿਆ ਸੀ। ਇਸੇ ਲਈ ਹਰ ਸਾਲ ਬਰਸਾਤ ਦਾ ਪਾਣੀ ਉਥੋਂ ਦੇ ਮੁਹੱਲਿਆਂ 'ਚ ਭਰ ਕੇ ਦਸਤਕ ਦਿੰਦਾ ਹੈ ਕਿ ਮੇਰੇ ਘਰ ਖਾਲੀ ਕਰੋ। ਪਰ ਸਾਨੂੰ ਅੱਜ ਕੁਦਰਤ ਦੀ ਕੋਈ ਗੂੰਜ, ਆਵਾਜ਼ ਜਾਂ ਕੂਕ ਸੁਣਾਈ ਨਹੀਂ ਦਿੰਦੀ।

ਉਤਰਾਖੰਡ ਦਾ ਭਿਆਨਕ ਹਾਦਸਾ ਦੱਸਦਾ ਹੈ ਕਿ ਪਾਣੀ ਸਾਡੀਆਂ ਬਣਾਈਆਂ ਬੇ-ਤਰਤੀਬ ਵਿਵਸਥਾਵਾਂ ਦੇ ਖਿਲਾਫ਼ ਅੰਦੋਲਨ ਕਰ ਰਿਹਾ ਹੈ। ਉਹ ਬਾਰ-ਬਾਰ ਨਾਅਰਾ ਬੁਲੰਦ ਕਰ ਰਿਹਾ ਹੈ ਕਿ ਮੇਰੇ ਰਸਤੇ 'ਚੋਂ ਹਟੋ, ਮੇਰੇ ਪੁਰਖਿਆਂ ਦੇ ਬਣਾਏ ਸੋਹਣੇ ਤਲਾਬਾਂ ਨੂੰ ਖਾਲੀ ਕਰੋ। ਮੇਰਾ ਰਸਤਾ ਨਾ ਰੋਕੋ। ਮੈਨੂੰ ਨਦੀਆਂ ਰਾਹੀਂ ਵਗਣ ਦਿਓ, ਮੈਨੂੰ ਟੋਭਿਆਂ, ਛੱਪੜਾਂ, ਢਾਬਾਂ, ਸਰੋਵਰਾਂ, ਖੂਹਾਂ, ਬੌਲੀਆਂ ਰਾਹੀਂ ਧਰਤੀ 'ਚ ਰਿਸਣ ਦਿਓ। ਮੈਨੂੰ ਜ਼ਬਰਦਸਤੀ ਨਾ ਬੰਨ੍ਹੋ, ਮੈਨੂੰ ਗੁੰਮਰਾਹੀ ਦੇ ਰਸਤਿਆਂ ਵੱਲ ਨਾ ਮੋੜੋ। ਮੇਰੇ ਨਿਰਮਲ ਜਲ 'ਚ ਆਪਣੇ ਪਾਪ ਧੋਣ ਵਾਲੇ ਤੁਸੀਂ ਹੁੰਦੇ ਕੌਣ ਹੋ? ਮੇਰੇ 'ਚ ਆਪਣਾ ਮਲ-ਮੂਤਰ ਬਹਾਉਣ ਦਾ ਤੁਹਾਨੂੰ ਕੋਈ ਹੱਕ ਨਹੀਂ। ਭਲਿਓ ਲੋਕੋ! ਮੇਰੇ 'ਚ ਉਤਰੋ, ਡੁੱਬੋ, ਤੈਰੋ ਅਤੇ ਪਾਰ ਉਤਰੋ, ਪਰ ਮੈਨੂੰ ਸਤਾਉਣ ਦੀ ਕੋਸ਼ਿਸ਼ ਨਾ ਕਰੋ।

ਪਾਣੀ ਸਾਨੂੰ ਕੂਕ-ਕੂਕ ਕੇ ਕਹਿ ਰਿਹਾ ਹੈ ਕਿ ਮੇਰੀ ਆਵਾਜ਼ ਸੁਣੋ। ਮੇਰੇ ਕੰਢਿਆਂ ਤੇ ਹੀ ਵੇਦਾਂ ਦੀਆਂ ਰਿਚਾਵਾਂ, ਕ੍ਰਿਸ਼ਨ ਦੀ ਬੰਸਰੀ, ਰਾਮ ਦੀ ਸ਼ਿਵ ਦੀ ਪੂਜਾ, ਜਪੁਜੀ ਦੀਆਂ ਲਿਸ਼ਕਾਂ, ਗੁਰੂਆਂ, ਭਗਤਾਂ ਦੇ ਵਚਨਾਂ, ਰੈਦਾਸ ਦੀ ਭਗਤੀ ਅਤੇ ਕਬੀਰ ਦੀ ਹੂਕ ਉਠੀ। ਮੈਂ ਹਰੇਕ ਵੱਡੇ ਸੰਕਲਪ ਅਤੇ ਮਨੁੱਖੀ ਚੇਤਨਾ ਦੇ ਵਿਰਾਟ ਤਜ਼ਰਬਿਆਂ ਦਾ ਸਾਖਿਆਤ ਗਵਾਹ ਰਿਹਾ ਹਾਂ।

ਹਰ ਰੋਜ਼ ਸੜਕਾਂ, ਚੌਰਾਹਿਆਂ 'ਤੇ ਮਤਲਬੀ ਕਿਸਮ ਦੇ ਲੋਕ ਅਤੇ ਜਥੇਬੰਦੀਆਂ ਧਰਨਿਆਂ 'ਤੇ ਬੈਠੀਆਂ ਰਹਿੰਦੀਆਂ ਹਨ। ਉਨ੍ਹਾਂ ਵੱਲ ਕੋਈ ਵੇਖਦਾ ਹੀ ਨਹੀਂ। ਸਭਨਾਂ ਨੂੰ ਪਤਾ ਹੈ ਕਿ ਅਜਿਹੇ ਲੋਕਾਂ ਦੇ ਦਿਲਾਂ 'ਚ ਸੱਚ ਦੀ ਕੋਈ ਕਿਰਨ ਨਹੀਂ ਹੁੰਦੀ। ਉਹ ਸਿਰਫ਼ ਆਪਣੇ ਲਈ ਲੜਦੇ ਹਨ। ਪਰ ਪਾਣੀ ਤੋਂ ਵੱਡਾ ਬਾਪੂ ਜਿਹਾ ਸੱਤਿਆਗ੍ਰਹਿ ਕੌਣ ਹੋਵੇਗਾ। ਜਿਹੜਾ ਸਰਬੱਤ ਦੇ ਹਿੱਤਾਂ ਲਈ ਆਪਣੇ ਰਸਤੇ ਵੱਗਦਾ ਹੈ। ਜੇਕਰ ਅੱਜ ਉਹ ਅੰਦੋਲਿਤ ਹੋ ਕੇ ਸਾਡਾ ਰਸਤਾ ਰੋਕ ਰਿਹਾ ਹੈ, ਸਾਡੀਆਂ ਬਸਤੀਆਂ ਡੁਬੋ ਰਿਹਾ ਹੈ, ਆਪਣੇ ਕੰਢੇ ਉਗੇ ਐਸ਼-ਪ੍ਰਸ਼ਤੀ ਦੇ ਹੋਟਲਾਂ ਨੂੰ ਉਲੱਦ ਰਿਹਾ ਹੈ, ਧਰਮ ਅਸਥਾਨਾਂ 'ਤੇ ਪਿਕਨਿਕ ਮਨਾਉਣ ਲਈ ਦਾਰੂ ਦੀਆਂ ਭਰੀਆਂ ਕਾਰਾਂ ਨੂੰ ਘੜੀਸ-ਘੜੀਸ ਲੈ ਕੇ ਜਾ ਰਿਹਾ ਹੈ, ਤਾਂ ਸਾਨੂੰ ਦੋ ਘੜੀ ਠਹਿਰ ਕੇ ਪਾਣੀ ਦੀ ਇਹ ਕੂਕ ਸੁਨਣੀ ਚਾਹੀਦੀ ਹੈ। ਸਾਨੂੰ ਪਾਣੀ ਦੇ ਪੱਖ 'ਚ ਖੜ੍ਹੇ ਹੋ ਕੇ ਜਲ-ਸੱਤਿਆਗ੍ਰਹਿ ਲਈ ਮਾਰਗ ਤਿਆਰ ਕਰਨਾ ਚਾਹੀਦਾ ਹੈ। ਤਾਂ ਜੁ ਸਭਨਾਂ ਦੇ ਭਲੇ ਲਈ ਸਾਡੀਆਂ ਅੱਖਾਂ ਅਤੇ ਜਿਗਰ ਦਾ ਪਾਣੀ ਬਚਿਆ ਰਹੇ।

ਆਪਣੇ ਦੇਸ਼ ਦਾ ਸਭ ਤੋਂ ਪ੍ਰਾਚੀਨ ਸ਼ਬਦ ਨਾਰਾਇਣ ਹੈ। ਇਹ ਸ਼ਬਦ ਸੰਸਕ੍ਰਿਤ ਦੇ ਦੋ ਸ਼ਬਦਾਂ ਨਾਰ ਅਤੇ ਅਯਨ ਨੂੰ ਮਿਲਾ ਕੇ ਬਣਿਆ ਹੈ। ਨਾਰ ਦਾ ਮਤਲਬ ਹੈ ਪਾਣੀ ਜਿਸ ਤੋਂ ਨੀਰ ਬਣਿਆ, ਅਯਨ ਮਤਲਬ ਪਾਣੀ ਦੀ ਬੂੰਦ 'ਚ ਚਮਕਣ ਵਾਲੀ ਚਮਕ। ਉਸੇ ਤੋਂ ਨਾਰਾਇਣ ਬਣਿਆ ਯਾਨੀ ਜੀਵਨ ਦੇਣ ਵਾਲਾ। ਬੇਸ਼ੱਕ ਅਸੀਂ ਇਕ ਗ਼ੈਰ-ਸ਼ੁਕਰਾ ਸਮਾਜ ਘੜ ਲਿਆ ਹੈ ਪਰ ਕੀ ਅਸੀਂ ਨਾਰਾਇਣ ਦੇ 'ਹੁਕਮ' ਨੂੰ ਵੀ ਨਹੀਂ ਸਮਝਾਂਗੇ?

# ਆਓ ਜਾਣੀਏ !

## ਚੀਨ ਨੇ ਬਣਾਇਆ ਦੁਨੀਆ ਦਾ ਸਭ ਤੋਂ ਵੱਡਾ ਜਹਾਜ਼ ਧਰਤੀ ਅਤੇ ਪਾਣੀ ਤੇ ਉਤਰ ਅਤੇ ਉਡਾਣ ਭਰ ਸਕਦੈ

**ਬੀਜਿੰਗ** - ਅੱਜ ਚੀਨ ਨੇ ਉਸ ਜਹਾਜ਼ ਦਾ ਸਫ਼ਲ ਪਰੀਖਣ ਕੀਤਾ ਜੋ ਕਿ ਧਰਤੀ ਅਤੇ ਪਾਣੀ ਵਿਚ ਉਡਾਣ ਭਰ ਸਕਦਾ ਹੈ ਅਤੇ ਉਤਰ ਵੀ ਸਕਦਾ ਹੈ। ਇਸ ਜਹਾਜ਼ ਦਾ ਨਾਂਅ ਏ.ਜੀ.-600 ਹੈ ਅਤੇ ਇਸ ਨੂੰ ਦੁਨੀਆ ਦੇ ਸਭ ਤੋਂ ਵੱਡਾ ਜਹਾਜ਼ ਕਿਹਾ ਜਾ ਰਿਹਾ ਹੈ। ਚੀਨ ਦੀ ਸਰਕਾਰੀ ਜਹਾਜ਼ ਕੰਪਨੀ ਏਵੀਏਸ਼ਨ ਇੰਡਸਟਰੀ ਕਾਰਪੋਰੇਸ਼ਨ ਆਫ਼ ਚਾਇਨਾ ਵਲੋਂ ਬਣਾਏ ਇਸ ਜਹਾਜ਼ ਨੇ ਹੁਬੇਈ ਸੂਬੇ ਦੇ ਜਿੰਗਮੇਨ ਵਿਚ ਉਡਾਣ ਭਰੀ ਅਤੇ ਬਾਅਦ ਵਿਚ ਸਮੁੰਦਰ ਵਿਚ ਉਤਰਿਆ।

ਜਾਣਕਾਰੀ ਅਨੁਸਾਰ ਸਰਕਾਰੀ ਅਖ਼ਬਾਰ ਚਾਇਨਾ ਡੇਲੀ ਨੇ ਦੱਸਿਆ ਕਿ ਇਸ ਜਹਾਜ਼ ਨੇ ਸਵੇਰੇ ਉਡਾਣ ਭਰੀ ਅਤੇ ਲਗਪਗ 15 ਮਿੰਟ ਤੱਕ ਹਵਾ ਵਿਚ ਰਿਹਾ। ਇਸ ਮਹੀਨੇ ਦੀ ਸ਼ੁਰੂਆਤ ਵਿਚ ਇਸ ਨੇ 145 ਕਿਲੋਮੀਟਰ ਦੀ ਰਫ਼ਤਾਰ ਨਾਲ ਪਾਣੀ 'ਤੇ ਚੱਲਣ ਦਾ ਪਹਿਲਾ ਪਰੀਖਣ ਪੂਰਾ ਕੀਤਾ ਸੀ। ਇਸ ਦਾ ਇਸਤੇਮਾਲ ਸਮੁੰਦਰੀ ਬਚਾਅ, ਜੰਗਲ ਵਿਚ ਲੱਗੀ ਅੱਗ ਦੀ ਸਥਿਤੀ ਵਿਚ ਬਚਾਅ ਦੇ ਕਾਰਜਾਂ ਅਤੇ ਸਮੁੰਦਰੀ ਨਿਗਰਾਨੀ ਲਈ ਕੀਤਾ ਜਾਵੇਗਾ।

## ਹਾਂਗਕਾਂਗ ਵਿਚਕਾਰ ਦੁਨੀਆ ਦਾ ਸਭ ਤੋਂ ਲੰਬਾ ਪੁਲ ਤਿਆਰ

ਵਿਸ਼ਵ ਦਾ ਸਭ ਤੋਂ ਲੰਬਾ ਸਮੁੰਦਰੀ ਪੁਲ ਹਾਂਗਕਾਂਗ-ਜੁਹਾਈ-ਮਕਾਓ ਨੂੰ 24 ਅਕਤੂਬਰ ਨੂੰ ਸੜਕ ਆਵਾਜਾਈ ਲਈ ਖੋਲ੍ਹ ਦਿੱਤਾ ਜਾਵੇਗਾ। ਇਹ ਜਾਣਕਾਰੀ ਪੁਲ ਨਾਲ ਸਬੰਧਤ ਅਧਿਕਾਰੀਆਂ ਨੇ ਦਿੱਤੀ। ਜਾਣਕਾਰੀ ਅਨੁਸਾਰ ਪਰਲ ਰਿਵਰ ਏਸਚੁਰੀ ਦੇ ਲਿੰਗਦਿੰਗਯਾਂਗ ਜਲ ਖੇਤਰ ਵਿਚ ਬਣਿਆ 55 ਕਿਲੋਮੀਟਰ ਲੰਬਾ ਇਹ ਪੁਲ ਵਿਸ਼ਵ ਦਾ ਸਭ ਤੋਂ ਲੰਬਾ ਸਮੁੰਦਰੀ ਪੁਲ ਹੈ। ਕਈ ਅਰਬ ਡਾਲਰ ਦੀ ਇਸ ਯੋਜਨਾ 'ਤੇ ਦਸੰਬਰ 2009 ਵਿਚ ਕੰਮ ਸ਼ੁਰੂ ਹੋਇਆ ਸੀ। ਇਸ ਨਾਲ ਹਾਂਗਕਾਂਗ ਤੋਂ ਜੁਹਾਈ ਦੀ ਯਾਤਰਾ ਦਾ ਸਮਾਂ ਤਿੰਨ ਘੰਟੇ ਤੋਂ ਘਟ ਕੇ ਕੇਵਲ ਅੱਧਾ ਘੰਟਾ ਰਹਿ ਜਾਵੇਗਾ। ਇਸ ਤੋਂ ਇਲਾਵਾ ਇਹ ਪਰਲ ਨਦੀ ਦੇ ਕਿਨਾਰੇ 'ਤੇ ਸਥਿਤ ਹੋਰ ਸ਼ਹਿਰਾਂ ਨੂੰ ਵੀ ਜੋੜੇਗਾ।

1. ਪ੍ਰਾਚੀਨ ਪੰਜਾਬ ਦਾ ਆਕਾਰ ਕਿਸ ਤਰ੍ਹਾਂ ਦਾ ਸੀ? (PPSC 2009)
   (ੳ) ਤਿਕੋਣ (ਅ) ਵਰਗਾਕਾਰ (ੲ) ਵੀ ਸ਼ੇਪ (ਸ) ਆਇਤ
2. ਪ੍ਰਾਚੀਨ ਕਾਲ ਵਿਚ ਦੱਸ ਰਾਜਾਂ ਦਾ ਯੁੱਧ ਕਿਹੜੇ ਦਰਿਆ ਨਾਲ ਸਬੰਧਿਤ ਸੀ? (IAS 1995)
   (ੳ) ਬਿਆਸ (ਅ) ਰਾਵੀ (ੲ) ਸਤਲੁਜ (ਸ) ਸਿੰਧ
3. ਮਹਿਮੂਦ ਗਜ਼ਨਵੀ ਦੇ ਪੰਜਾਬ (ਭਾਰਤ) ਤੇ ਹਮਲਿਆਂ ਦਾ ਪ੍ਰਮੁੱਖ ਉਦੇਸ਼ ਕੀ ਸੀ? (PPSC 2009)
   (ੳ) ਧੰਨ ਦੌਲਤ ਪ੍ਰਾਪਤ ਕਰਨਾ (ਅ) ਸਾਮਰਾਜ ਦਾ ਵਿਸਥਾਰ ਕਰਨਾ
   (ੲ) ਹਾਰ ਦਾ ਬਦਲਾ ਲੈਣਾ (ਸ) ਇਸਲਾਮ ਧਰਮ ਦਾ ਪ੍ਰਚਾਰ ਕਰਨਾ
4. ਮੁਹੰਮਦ ਗਜ਼ਨਵੀ ਦੇ ਭਾਰਤ ਹਮਲੇ ਸਮੇਂ ਪੰਜਾਬ ਦਾ ਸ਼ਾਸ਼ਕ ਕੌਣ ਸੀ? (UGC 1997)
   (ੳ) ਅਨੰਦਪਾਲ (ਅ) ਜੈਪਾਲ (ੲ) ਮਹੀਂਪਾਲ (ਸ) ਪੋਰਸ
5. ਪ੍ਰਾਚੀਨ ਪੰਜਾਬ ਵਿਚ ਸਿੱਖਿਆ ਦਾ ਪ੍ਰਮੁੱਖ ਕੇਂਦਰ ਕਿਹੜਾ ਸੀ? (SSC 1999)
   (ੳ) ਪੇਸ਼ਾਵਰ (ਅ) ਤਕਸ਼ਿਲਾ (ੲ) ਅਟਕ (ਸ) ਸਿਆਲਕੋਟ

(ਚਲਦਾ.....)

ਉੱਪਰ ਦਿੱਤੇ ਪ੍ਰਸ਼ਨਾਂ ਦਾ ਉੱਤਰ ਅਗਲੇ ਅੰਕ ਵਿਚ ਦਿੱਤਾ ਜਾਵੇਗਾ।

ਅੰਕ 79 ਦੇ ਸਤੰਬਰ 2018 ਦੇ ਉੱਤਰਾਂ ਦਾ ਵੇਰਵਾ

ਪ੍ਰਸ਼ਨ ਨੰਬਰ 1 (ੳ), 2 (ਅ), 3 (ੳ), 4 (ਅ), 5 (ਅ)

ਸੰਪਾਦਕ

# ਪੰਜਾਬ ਦੇ ਸ਼ਹਿਰਾਂ ਦੇ ਉਪਨਾਮ

1. ਖਾਲਸਾ ਦੀ ਜਨਮ ਭੂਮੀ – ਸ੍ਰੀ ਆਨੰਦਪੁਰ ਸਾਹਿਬ
2 ਸਿੱਖਾਂ ਦੀ ਰਾਜਧਾਨੀ – ਅੰਮ੍ਰਿਤਸਰ
3. ਪੰਜਾਬ ਦਾ ਕੈਲੀਫੋਰਨੀਆ – ਅਬੋਹਰ
4. ਪੰਜਾਬ ਦੀ ਆਰਥਿਕ ਰਾਜਧਾਨੀ – ਲੁਧਿਆਣਾ
5. ਸਿੱਖੀ ਦਾ ਪੰਘੂੜਾ – ਮਾਝਾ ਖੇਤਰ
6. ਪੰਜਾਬ ਦਾ ਮਾਨਚੈਸਟਰ – ਲੁਧਿਆਣਾ
7. ਸ਼ਹੀਦਾਂ ਦੀ ਧਰਤੀ – ਫਿਰੋਜ਼ਪੁਰ
8. ਪੰਜਾਬ ਦਾ ਦਿਲ – ਮਾਝਾ ਖੇਤਰ
9. ਸਪੋਟਰਸ ਕੈਪੀਟਲ ਆਫ਼ ਪੰਜਾਬ – ਜਲੰਧਰ
10. ਸਿੱਖੀ ਦਾ ਧੁਰਾ – ਅੰਮ੍ਰਿਤਸਰ
11. ਵੈਡਿੰਗ ਕੈਪੀਟਲ ਆਫ਼ ਪੰਜਾਬ – ਜ਼ੀਰਕਪੁਰ
12. ਸਿੱਖਾਂ ਦੀ ਧਾਰਮਿਕ ਰਾਜਧਾਨੀ – ਅੰਮ੍ਰਿਤਸਰ
13. ਸਿੱਖਾਂ ਦਾ ਮੱਕਾ – ਅੰਮ੍ਰਿਤਸਰ

| | | |
|---|---|---|
| ਪੰਜਾਬ ਦਾ ਪਹਿਲਾ ਸੁਤੰਤਰ ਸਿੱਖ ਸ਼ਾਸਕ | – | ਸ਼ਹੀਦ ਬੰਦਾ ਸਿੰਘ ਬਹਾਦਰ |
| ਪੰਜਾਬ ਦਾ ਆਖਰੀ ਸਿੱਖ ਸ਼ਾਸਕ | – | ਮਹਾਰਾਜਾ ਦਲੀਪ ਸਿੰਘ |
| ਪੰਜਾਬ ਦਾ ਪਹਿਲਾ ਮੁੱਖ ਮੰਤਰੀ | – | ਡਾ. ਗੋਪੀ ਚੰਦ ਭਾਰਗਵ |
| ਪੰਜਾਬ ਦਾ ਪਹਿਲਾ ਰਾਜਪਾਲ | – | ਸੀ.ਐਮ. ਤ੍ਰਿਵੇਦੀ |
| ਪੰਜਾਬ ਵਿਧਾਨ ਸਭਾ ਦਾ ਪਹਿਲਾ ਸਪੀਕਰ | – | ਸ. ਕਪੂਰ ਸਿੰਘ |
| ਪੰਜਾਬ ਤੋਂ ਭਾਰਤ ਦੇ ਬਣੇ ਪ੍ਰਧਾਨ ਮੰਤਰੀ | – | 1. ਗੁਲਜਾਰੀ ਲਾਲ ਨੰਦਾ<br>2. ਆਈ.ਕੇ. ਗੁਜਰਾਲ<br>3. ਡਾ. ਮਨਮੋਹਨ ਸਿੰਘ |
| ਪੰਜਾਬੀ, ਜੋ ਰਾਸ਼ਟਰਪਤੀ ਬਣੇ | – | 1. ਸ. ਗਿਆਨੀ ਜ਼ੈਲ ਸਿੰਘ |

## ਤਵਾ

1. ਰੋਟੀ ਬਣਾਉਣ ਤੋਂ ਪਹਿਲਾਂ ਤਵੇ' ਤੇ ਘਿਓ ਲਾ ਕੇ ਕਿਸੇ ਕੱਪੜੇ ਨਾਲ ਸਾਫ ਕਰ ਲਵੋ, ਰੋਟੀ ਚੰਗੀ ਬਣੇਗੀ।
2. ਰੋਟੀ ਬਣਾਉਣ ਤੋਂ ਬਾਅਦ ਤਵਾ ਨਿੰਬੂ ਨਾਲ ਸਾਫ ਕਰੋ, ਤਵਾ ਸਾਫ ਹੋ ਜਾਵੇਗਾ।
3. ਕਿਸੇ ਵੀ ਚੀਜ਼ ਨੂੰ ਬਨਾਉਣ ਤੋਂ ਪਹਿਲਾਂ ਤਵੇ ਜਾ ਕੜਾਹੀ ਨੂੰ ਚੰਗੀ ਤਰ੍ਹਾਂ ਗਰਮ ਕਰ ਲਵੋ, ਫਿਰ ਉਸ 'ਤੇ ਘਿਓ ਜਾਂ ਤੇਲ ਪਾਓ।
4. ਜਦ ਰੋਟੀ ਵਾਲਾ ਤਵਾ ਕਾਲਾ ਹੋ ਜਾਵੇ ਤਾਂ ਉਸ ਨੂੰ ਇਮਲੀ ਨਾਲ ਸਾਫ ਕਰੋ।
5. ਪਰੌਂਠਾ ਜਾਂ ਡੋਸਾ ਬਣਾਉਣ ਤੋਂ ਪਹਿਲਾਂ ਤੇਲ ਵਿੱਚ ਲੂਣ ਪਾ ਕੇ ਸਾਫ ਕਰ ਲਵੋ, ਪਰੌਂਠਾ ਚਿਪਕੇਗਾ ਨਹੀਂ।
6. ਲੋਹੇ ਦਾ ਤਵਾ ਭਾਂਡੇ ਧੋਣ ਵਾਲੇ ਪਾਊਡਰ ਵਿੱਚ ਨਿੰਬੂ ਮਿਲਾ ਕੇ ਸਾਫ ਕਰੋ, ਚਮਕੀਲਾ ਨਿਕਲੇਗਾ।
7. ਤਵੇ 'ਤੇ ਲੂਣ ਭੁੰਨ ਕੇ ਤਵਾ ਸਾਫ ਕਰ ਲਵੋ, ਕੋਈ ਚੀਜ਼ ਜਾਵਿਕ ਪਰੌਂਠਾ ਰੋਟੀ ਚਿਪਕੇਗੀ ਨਹੀਂ।

**ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**

-ਸ੍ਰੀ ਗੁਰੂ ਨਾਨਕ ਦੇਵ ਜੀ

ਕਹਾਣੀ

# ਰਿਸ਼ਤੇ

ਜਸਬੀਰ ਭੁੱਲਰ

ਬੁੱਢੇ ਪਿਨਸ਼ਨੀਏਂ ਨੇ ਆਪਣੀ ਖੂੰਡੀ ਦੋ-ਤਿੰਨ ਵਾਰ ਜ਼ਮੀਨ 'ਤੇ ਮਾਰੀ ਤੇ ਫਿਰ ਡਿਉਢੀ ਵਿੱਚ ਡੱਠੇ ਮੰਜੇ 'ਤੇ ਬੈਠ ਗਿਆ।

"... ਮੈਂ ਬੱਸ ਹੁਣੇ ਆਇਆ", ਖੂੰਡੀ ਦੀ ਆਵਾਜ਼ ਪਛਾਣ ਕੇ ਪੂਰਨ ਸਿੰਘ ਚੁਬਾਰੇ 'ਚੋਂ ਹੀ ਬੋਲਿਆ।

ਮੰਜੇ 'ਤੇ ਵਿਛੇ ਖੇਸ ਦੇ ਸਰਹਾਣੇ ਵਾਲੇ ਪਾਸਿਉਂ ਤਾਸ਼ ਕੱਢ ਕੇ ਉਹ ਫੈਂਟਣ ਲੱਗ ਪਿਆ।

ਪੂਰਨ ਸਿੰਘ ਦੇ ਆਉਣ 'ਤੇ ਉਸ ਸਿਰ ਉਤਾਂਹ ਚੁੱਕਿਆ, "ਕੱਲ੍ਹ ਕੌਣ ਪੀਂਹਦਾ ਸੀ ਭਲਾ?"

"ਪੀਂਹਦਾ ਤਾਂ ਮੈਂ ਹੀ ਸਾਂ, ਪਰ ਅੱਜ ਰਹਿਣ ਦਿੰਨੇ ਆਂ।"

"ਕਿਉਂ?"

"ਜ਼ਰਾ ਅੱਡੇ ਤਾਈਂ ਚੱਲਿਆਂ।"

"ਕਿਸੇ ਨੇ ਆਉਣਾ ਸਗੋਂ??

"ਕੈਨੇਡਾ ਵਾਲੀ ਧੀ ਆ ਰਹੀ ਐ ਨਾ!" ਉਸ ਚਾਅ ਜਿਹੇ ਨਾਲ ਦੱਸਿਆ, "ਅੱਜ ਤੜਕੇ ਈ ਉਹ ਦਿੱਲੀ ਅੱਪੜੀ ਐ। ਦੁਪਹਿਰ ਵਾਲੀ ਬੱਸ ਵਿੱਚ ਇੱਥੇ ਪਹੁੰਚ ਜਾਊ।"

"ਅੱਛਾ,... ਅੱਛਾ!' ਤੁਸਾਂ ਤਾਂ ਦੱਸਿਆ ਸੀ, ਪਰ ਮੈਂ ਹੀ ਭੁੱਲ ਗਿਆ।" ਪੂਰਨ ਸਿੰਘ ਦੇ ਚਾਅ ਵਿੱਚ ਉਹ ਵੀ ਸ਼ਾਮਲ ਹੋ ਗਿਆ, "ਇਹ ਓਹੋ ਈ ਐ ਨਾ ਜੀਹਨੇ ਅੱਠਵੀਂ ਨੌਵੀਂ ਵਿੱਚ ਹੀ ਕਲਗੀਧਰ ਚਮਤਕਾਰ ਪੜ੍ਹ ਲਿਆ ਸੀ?"

"ਇਹ ਤਾਂ ਬਹੁਤ ਪੁਰਾਣੀ ਗੱਲ ਐ।" ਪੂਰਨ ਸਿੰਘ ਮੂੰਹ ਤੱਕ ਉਤਸ਼ਾਹ ਨਾਲ ਭਰ ਗਿਆ, "ਹੁਣ ਤੱਕ ਤਾਂ ਉਹਨੇ ਪਤਾ ਨਹੀਂ ਕੀ ਕੁੱਝ ਪੜ੍ਹ ਲਿਆ ਹੋਊ। ਬੜੀ ਧਾਰਮਿਕ ਬਿਰਤੀ ਵਾਲੀ ਕੁੜੀ ਐ। ਦਸਵੀਂ ਪਾਸ ਕਰਨ ਪਿੱਛੋਂ ਤਾਂ ਉਸ..।"

ਗੱਲ ਕਰਦਿਆਂ ਪੂਰਨ ਸਿੰਘ ਚਾਅ ਅੰਦਰਲੀ ਰੇਤ ਨੇ ਜੀਰ ਲਿਆ। ਉਹ ਵਰਜਿਤ ਵਰ੍ਹਿਆਂ ਦੀ ਵਾੜ ਨਾਲ ਖਹਿ ਗਿਆ ਸੀ। ਉਹਨੂੰ ਤੌਖਲਾ ਹੋਇਆ, ਕਿਤੇ ਪਿਨਸ਼ਨੀਆਂ ਅਗਲਾ ਸੁਆਲ ਇਹ ਨਾ ਪੁੱਛ ਲਵੇ, "ਇਹ ਉਹੀ ਧੀ ਐ ਨਾ ਜੀਹਨੇ ਮਾਂ-ਪਿਓ ਤੋਂ ਬਾਹਰ ਹੋ ਕੇ ਵਿਆਹ ਕਰਵਾ ਲਿਆ ਸੀ?"

ਇਹ ਉਹ ਸੁਆਲ ਸੀ ਜੋ ਅੱਡੀ ਅੰਦਰ ਟੁੱਟ ਗਏ ਕੰਢੇ ਵਰਗਾ ਸੀ ਤੇ ਇਸ ਦਾ ਜੁਆਬ ਦੇਣ ਦੀ ਪੀੜ ਕੁੱਝ ਏਦਾਂ ਸੀ ਜਿਵੇਂ ਟੁੱਟ ਗਏ ਕੰਡੇ ਕਾਰਨ ਅੱਡੀ ਵਿੱਚ ਪੱਸ ਪੈ ਗਈ ਹੋਵੇ।

"ਚਲੋ ਭਲਾ ਹੋਇਆ। ਘਰ 'ਚ ਵੀ ਕੁਝ ਦਿਨ ਰੌਣਕ ਰਹੂ।" ਤਾਸ਼ ਖੇਸ ਹੇਠਾਂ ਰੱਖਦਿਆਂ ਉਸ ਬੱਸ ਏਨਾ ਹੀ ਆਖਿਆ, "ਕਿੰਨਾ ਕੁ ਟੈਮ ਲੱਗ ਜੂ?"

"ਐਹੀ, ਕੋਈ ਇੱਕ ਅੱਧਾ ਘੰਟਾ।"

ਤੌਖਲੇ ਨੂੰ ਉੱਲੀ ਲੱਗੀ ਵੇਖ ਕੇ ਉਸ ਤਸੱਲੀ ਦਾ ਸਾਹ ਲਿਆ, "ਮੈਂ ਚੱਲਦਾਂ ਫਿਰ! ਕਿਤੇ ਪੱਛੜ ਹੀ ਨਾ ਜਾਵਾਂ।"

ਪਿਨਸ਼ਨੀਏ ਨੂੰ ਕੋਈ ਕਾਹਲ ਨਹੀਂ ਸੀ। ਉਹਨੇ ਵੈਸੇ ਵੀ ਕਿਤੇ ਨਹੀਂ ਸੀ ਜਾਣਾ। ਉਹਨੇ ਤਾਂ ਆਪਣੇ ਦਿਨਾਂ ਨੂੰ ਹਰ ਹੀਲੇ ਸੋਮ-ਮੰਗਲ ਕਰਨਾ ਸੀ। ਮੰਜੇ 'ਤੇ ਲੰਮੇਂ ਪੈਂਦਿਆਂ ਉਹ ਬੋਲਿਆ, "ਮੈਂ ਇਥੇ ਈ ਆਂ ਫਿਰ।"

...

"ਬਾਬਾ ਜੀ, ਧੁੱਪੇ ਕਾਹਨੂੰ ਖੜੇ ਓ!... ਐਧਰ ਆ ਜਾਓ", ਬੱਸ ਉਡੀਕਦੇ ਨੂੰ ਜਾਣਕਾਰ ਦੁਕਾਨਦਾਰ ਨੇ ਹਾਕ ਦੇ ਲਈ।

"ਪੁੱਤ ਜੀਂਦਾ ਰਹੁ!" ਸਾਈਕਲ ਨੂੰ ਪੁਲੀ ਨਾਲ ਟੇਢਾ ਕਰਕੇ ਉਹ ਦੁਕਾਨ ਦੀ ਕਨਾਤ ਹੇਠ ਆ ਗਿਆ।

ਉਹਦੀਆਂ ਅੱਖਾਂ ਵਿੱਚ ਉਤਰੀ ਤਪਸ਼ ਠੰਢੀ ਪੈ ਗਈ ਸੀ। ਉਹਦੇ ਕੰਨਾਂ 'ਚੋਂ ਨਿਕਲਦਾ ਸੇਕ ਸੌਂ ਚੁੱਕਿਆ ਸੀ। ਉਦੋਂ ਤਾਂ ਉਹ ਐਵੇਂ ਹੀ ਨਮੋਸ਼ੀ ਵਿੱਚ ਦੂਹਰਾ-ਚੂਹਰਾ ਹੁੰਦਾ ਰਿਹਾ ਸੀ। ਜਦੋਂ ਬਾਹਰੀ ਤਾਂ ਕੋਈ ਗੱਲ ਨਹੀਂ ਸੀ। ਮੁੰਡਾ ਚੰਗਾ ਸੀ ਅਤੇ ਧੀ ਦੇ ਪਸੰਦ ਸੀ। ਉਹਨੂੰ ਤਾਂ ਸਗੋਂ ਖਲਜਗਣਾਂ ਤੋਂ ਮੁਕਤੀ ਮਿਲੀ ਸੀ। ਬੁੱਢੇ ਹੱਢ ਲੈ ਕੇ ਉਹਨੂੰ ਦਰ-ਬ-ਦਰ ਨਹੀਂ ਸੀ ਭਟਕਣਾ ਪਿਆ। ਸਸਤੇ ਭਾਅ ਮਿਲਿਆ ਜਵਾਈ ਵੀ ਲੱਖਾਂ 'ਚੋਂ ਇਕ ਸੀ। ਥਿੰਦੇ ਬੈਂਚ ਤੇ ਬੈਠਦਿਆਂ ਉਹ ਆਪਣੇ ਆਪ ਵੱਲ ਪਰਤ ਆਇਆ। ਬੱਚਿਆਂ ਵਰਗੇ ਚਾਅ ਵਿੱਚ ਬੋਲਿਆ, "ਅੱਜ ਵੱਡਿਓਂ ਛੋਟੀ ਆ ਰਹੀ ਐ, ਕੈਨੇਡਾ ਤੋਂ...।"

"ਚਲੋ ਚੰਗਾ!" ਦੁਕਾਨਦਾਰ ਚਾਹ ਵਾਲੀ ਪਤੀਲੀ ਨੂੰ ਅੰਗੀਠੀ ਤੋਂ ਲਾਹੁੰਦਾ ਬੋਲਿਆ, "ਉਧਰ ਤਾਂ ਚੰਗਾ ਪੈਸਾ ਦੱਸਦੇ ਆ। ਗੱਲ ਕਰਿਉ ਭਲਾ, ਜੇ ਆਪਣੇ ਨਿੱਕੇ ਦੀ ਗੱਲ ਬਣ ਜੇ ਤਾਂ... ਸੌਖਾ ਟੁੱਕ ਖਾਊ।"

"ਕੋਈ ਨੀ... ਮੈਂ ਕਰੂੰ ਗੱਲ।"

ਦਿੱਲੀ ਵਾਲੀ ਬੱਸ ਮਿੱਟੀ ਉਡਾਉਂਦੀ ਅੱਡੇ ਵਿੱਚ ਦਾਖਲ ਹੋ ਗਈ।

ਉਹ ਗੋਡਿਆਂ 'ਤੇ ਹੱਥ ਰੱਖ ਕੇ ਉੱਠਿਆ ਅਤੇ ਹੌਲੀ-ਹੌਲੀ ਬੱਸ ਵੱਲ ਤੁਰ ਪਿਆ।

ਉਹ ਅਜੇ ਬੱਸ 'ਚੋਂ ਉਤਰਦੀ ਭੀੜ ਨੂੰ ਘੂਰ ਰਿਹਾ ਸੀ ਕਿ ਧੀ ਉਹਦੇ ਕਲਾਵੇ ਵਿੱਚ ਆ ਗਈ, "ਮੈਂ ਤੁਹਾਨੂੰ ਬੱਸ ਵਿੱਚੋਂ ਹੱਥ ਵੀ ਹਿਲਾਇਆ, ਬੱਚਿਆਂ ਨੇ ਆਵਾਜ਼ਾਂ ਵੀ ਦਿੱਤੀਆਂ। ਤੁਸੀਂ ਇਕ ਦੋ ਵਾਰ ਉਧਰ ਤੱਕਿਆ ਵੀ, ਪਰ ਅਣਗੌਲਿਆ ਕਰ ਛੱਡਿਆ।"

ਪਰੇਸ਼ਾਨ ਜਿਹਾ ਹੋ ਕੇ ਉਹਨੇ ਧੀ ਦੇ ਬੁਆਏ ਕੱਟ ਵਾਲਾਂ ਵੱਲ ਵੇਖਿਆ ਅਤੇ ਫਿਰ ਹਿੱਪੀ ਪਹਿਰਾਵੇ ਵਾਲੇ ਤਿੰਨਾਂ ਬੱਚਿਆਂ ਵੱਲ। ਉਨ੍ਹਾਂ ਦਾ ਸਿਰ ਪਲੋਸਦਿਆਂ ਉਹਦੇ ਜਗੂੰ-ਬੁਝੂੰ ਕਰਦੇ ਚਾਅ ਦੀਆਂ ਜੜ੍ਹਾਂ ਨੂੰ ਸੇਮ ਪੈ ਗਈ। ਉਹ ਫਿੱਕਾ ਜਿਹਾ ਹੱਸਿਆ, "ਪੁੱਤ, ਮੈਂ ਤੁਹਾਨੂੰ ਪਛਾਣਦਾ ਕਿਸ ਤਰ੍ਹਾਂ?... ਹੁਣ ਤਾਂ ਮੇਰੀ ਨਿਗ੍ਹਾ ਵੀ ਬੁੱਢੀ ਹੋ ਗਈ ਏ।" ਉਨ੍ਹਾਂ ਨੂੰ ਰਿਕਸ਼ਿਆਂ ਵਿੱਚ ਬਿਠਾ ਕੇ ਉਸ ਘਰ ਵੱਲ ਤੋਰ ਦਿੱਤਾ।

ਹੁੱਸੇ ਜਿਹੇ ਨੇ ਪੁਲੀ ਤੋਂ ਸਾਈਕਲ ਚੁਕਦਿਆਂ ਦੁਕਾਨਦਾਰ ਤੋਂ ਅੱਖਾਂ ਚੁਰਾ ਲਈਆਂ।

.........

ਚੁਬਾਰੇ ਵਿੱਚ ਕਾਵਾਂ ਰੌਲੀ ਮੱਚ ਗਈ।

ਬੁੱਢਾ ਪਿਨਸ਼ਨੀਆਂ ਮੂੰਹ 'ਤੇ ਪਰਨਾ ਤਾਣੀ ਘੂਕ ਸੁੱਤਾ ਰਿਹਾ।

ਧੀ ਨੇ ਆਪਣੇ ਸਮਾਨ ਦਾ ਵਿਖਾਲਾ ਪਾ ਲਿਆ, "ਇਹ ਬੀਜੀ ਲਈ ਸੂਟ ਤੇ ਦਵਾਈਆਂ।... ਤੇ ਪਾਪਾ ਜੀ, ਇਹ ਤੁਹਾਡੇ ਲਈ ਟਾਰਚ। ਇਹਦੇ ਪਿਛਲੇ ਪਾਸੇ ਪੱਖਾ ਵੀ ਐ ਤੇ ਇਹ...।"

"ਪਹਿਲੋਂ ਤਸੱਲੀ ਨਾਲ ਬੈਠ ਕੇ ਚਾਹ ਪੀ ਲਓ।" ਸੰਤ ਕੌਰ ਟਰੇਅ ਚੁੱਕੀ ਰਸੋਈ 'ਚੋਂ ਨਿਕਲੀ।

"ਸਰਦਾਰ ਹੁਰਾਂ ਜੋਗੀ ਚਾਹ ਨਹੀਂ ਬਣਾਈ ਸਗੋਂ?" ਟਰੇਅ ਵਿੱਚ ਪਿਨਸ਼ਨੀਏ ਲਈ ਨੌਂਗੇ ਦਾ ਗਿਲਾਸ ਨਾ ਵੇਖ ਕੇ ਪੂਰਨ ਸਿੰਘ ਨੇ ਹੌਲੀ ਜਿਹੀ ਪੁੱਛਿਆ।

"ਤੁਸੀਂ ਦੱਸਿਆ ਹੀ ਨਹੀਂ ਕਿ ਉਹ ਅਜੇ ਥੱਲੇ ਨੇ।" ਸੰਤ ਕੌਰ ਨੇ ਆਖਿਆ, "ਅਜੇ ਕਿਹੜਾ ਚਾਹ ਜੂਠੀ ਹੋਈ ਐ। ਇਕ ਜਣੇ ਜੋਗੀ ਤਾਂ ਨਿਕਲ ਹੀ ਆਊ।"

"ਇਹ ਬੁੱਢਾ ਕੌਣ ਏ?" ਧੀ ਨੇ ਪੁੱਛਿਆ।

"ਪੁੱਤ ਏਤਰ੍ਹਾਂ ਨਹੀਂ ਆਖੀਦਾ। ਇਹ ਬੜੇ ਮਹਾਂਪੁਰਖ ਨੇ, ਸਾਡੀ ਵੇਲੇ-ਕੁਵੇਲੇ ਦੀ ਬਾਂਹ।"

ਸੰਤ ਕੌਰ ਨੇ ਖਾਲੀ ਗਿਲਾਸ ਲਿਆ ਕੇ ਥੋੜ੍ਹੀ-ਥੋੜ੍ਹੀ ਚਾਹ ਸਾਰਿਆਂ ਗਲਾਸਾਂ 'ਚੋਂ ਕੱਢ ਲਈ।

ਗਲਾਸ ਉਹਦੇ ਹੱਥੋਂ ਲੈ ਕੇ ਪੂਰਨ ਸਿੰਘ ਹੌਲੀ-ਹੌਲੀ ਪੌੜੀਆਂ ਉਤਰ ਗਿਆ।

"ਕਨੇਡਾ ਵਿੱਚ ਕੋਈ ਕਿਸੇ ਦੇ ਘਰ ਧਰਨਾ ਮਾਰ ਕੇ ਨਹੀਂ ਬੈਠਦਾ।" ਧੀ ਨੇ ਦੱਸਿਆ, "ਉਥੇ ਤਾਂ ਫੋਨ ਕਰਕੇ ਮਿਲਣ ਦਾ ਵਕਤ ਤੈਅ ਕਰਦੇ ਨੇ ਤੇ ਕੰਮ ਦੀ ਗੱਲ ਕਰਕੇ ਤਿੱਤਰ ਹੁੰਦੇ ਨੇ। ਇੱਥੇ ਤਾਂ...।"

"ਤੇਰੀ ਰੋੜੂ ਪੁਰੇ ਵਾਲੀ ਸਹੇਲੀ ਹੁੰਦੀ ਸੀ ਨਾ। ਇਹ ਉਹਦਾ ਦਾਦਾ ਏ। ਬੜਾ ਭਜਨ- ਬੰਦਗੀ ਵਾਲਾ ਬੰਦਾ ਏ। ਤੁਸੀਂ ਦੋਵੇਂ ਭੈਣਾਂ ਤਾਂ ਦੂਰ ਬੈਠੀਆਂ ਜੇ, ਤੁਹਾਡੇ ਪਿੱਛੋਂ ਇਹ ਤਾਂ ਸਾਡਾ ਭਾਈਚਾਰਾ ਏ। ਵੇਲੇ ਕੁਵੇਲੇ ਕੰਮ ਆਉਣ ਵਾਲਾ ਟੱਬਰ ਐ।" ਸੰਤ ਕੌਰ ਨੇ ਦੱਸਿਆ, "ਤੇਰੇ ਪਾਪਾ ਜੀ ਕੋਲ ਤਾਸ਼ ਖੇਡਣ ਆ ਜਾਂਦਾ ਏ।"

"ਆਪਣੇ ਲੋਕ ਤਾਸ਼ ਖੇਡਣ ਜੋਗਾ ਵਕਤ ਪਤਾ ਨਹੀਂ ਕਿੱਥੋਂ ਲੱਭ ਲੈਂਦੇ ਨੇ। ਕਨੇਡਾ ਵਿੱਚ ਤਾਂ...।"

ਸੰਤ ਕੌਰ ਨੇ ਸਿਰ ਚੁੱਕ ਕੇ ਧੀ ਵੱਲ ਵੇਖਿਆ ਅਤੇ ਬੇਖ਼ਿਆਲੀ ਵਿੱਚ ਤੱਤੀ ਚਾਹ ਦਾ ਘੁੱਟ ਭਰ ਗਈ।

.....

ਮੰਜੇ 'ਤੇ ਬੈਠਦਿਆਂ ਉਸ ਪੱਗ ਲਾਹ ਕੇ ਉਂਗਲਾਂ ਉੱਤੇ ਘੁਮਾਈ ਫਿਰ ਨੰਗੇ ਗੋਡੇ 'ਤੇ ਰੱਖ ਲਈ। ਵਾਲਾਂ ਵਿੱਚ ਹੱਥ ਫੇਰਦਿਆਂ ਉਸ ਵਾਹਿਗੁਰੂ-ਵਾਹਿਗੁਰੂ ਕੀਤਾ। ਪਾਣੀ ਪੀਣ ਪਿਛੋਂ ਉਸ ਕਮੀਜ਼ ਤੇ ਕੁੜਤੀ ਲਾਹ ਕੇ ਤਣੀ 'ਤੇ ਖਿਲਾਰ ਦਿੱਤੀ ਬਰੇਕਾਂ ਵਾਲੇ ਕੱਛੇ ਦੀਆਂ ਚੋਣਾਂ ਠੀਕ ਕਰਦਾ ਉਹ ਪੱਖੇ ਹੇਠ ਖਿਸਕ ਗਿਆ।

ਧੀ ਖਾਲੀ ਗਲਾਸ ਚੁੱਕਣ ਆਈ ਬੋਲੀ, "ਬਾਪੂ ਜੀ, ਤੁਹਾਡੇ ਕੋਲ ਗਾਊਨ ਜਾਂ ਨਾਈਟ ਸੂਟ ਨਹੀਂ?"

"ਨਾ ਪੁੱਤ !...ਘਰੇ ਮੈਥੋਂ ਕੱਪੜੇ ਨਹੀਂ ਪੈਂਦੇ।"

"...ਪਰ ਪਾਪਾ ਜੀ, ਘਰ ਕੁਛ ਤਾਂ ਪਾਉਣਾ ਹੀ ਚਾਹੀਦਾ ਏ।"

"ਜਿੱਥੇ ਔਖ ਵਿੱਚ ਰਹਿਣਾ ਪਵੇ ਉਹ ਆਪਣਾ ਘਰ ਤਾਂ ਨਾ ਹੋਇਆ ਫਿਰ।"

"ਪਰ ਏਤਰ੍ਹਾਂ ਤਾਂ ਚੰਗਾ ਨਹੀਂ ਲੱਗਦਾ। ਮੇਰੀਆਂ ਸਹੇਲੀਆਂ ਮਿਲਣ ਆਉਣਗੀਆਂ ਤਾਂ ਕੀ ਸੋਚਣਗੀਆਂ। ਨੰਗ-ਧੜੰਗ ਬੈਠਣਾ...। ਕਨੇਡਾ ਵਿੱਚ ਤਾਂ ਲੋਕ...।" ਗੱਲ ਟੁੱਕ ਕੇ ਉਹ ਸਮਝੌਤੇ ਜਿਹੇ ਵਾਂਗ ਬੋਲੀ, "ਜਿੰਨੇ ਦਿਨ ਮੈਂ ਇੱਥੇ ਹਾਂ ਤੁਸੀਂ ਦਿਨ ਵੇਲੇ ਕੱਪੜੇ ਪਾਈ ਰੱਖਿਆ ਕਰੋ, ਨਹੀਂ ਤਾਂ ਸਹੇਲੀਆਂ ਸਾਹਮਣੇ ਸਾਨੂੰ ਬਹੁਤ ਕੱਚਿਆਂ ਹੋਣਾ ਪਊ।"

ਉਸ ਗੁੰਮ ਸੁੰਮ ਜਿਹਾ ਹੋ ਕੇ ਧੀ ਵੱਲ ਵੇਖਿਆ ਤੇ ਉਸ ਪਲ ਲਈ ਆਪਣੀ ਚੁੱਪ ਨੂੰ ਹੀ ਕੱਪੜਿਆਂ ਵਾਂਗ ਗਲ ਪਾ ਲਿਆ।

"ਬੱਚਿਆਂ ਨੂੰ ਕਿਸੇ ਦਿਨ ਪਿੰਡ ਵਿਖਾ ਕੇ ਲਿਆਉਣਾ ਏਂ", ਧੀ ਨੇ ਆਖਿਆ।

"ਪੁੱਤੀਏ ! ਜਿਨ੍ਹਾਂ ਨੇ ਕਨੇਡਾ ਦਾ ਚੱਪਾ-ਚੱਪਾ ਵੇਖ ਲਿਆ, ਉਨ੍ਹਾਂ ਲਈ ਪਿੰਡ ਵਿੱਚ ਕੀ ਐ?"

"ਬੱਚੇ ਆਪਣੀ ਜਨਮ ਭੂਮੀ ਤਾਂ ਵੇਖ ਲੈਣਗੇ। ਮੈਂ ਇਨ੍ਹਾਂ ਨੂੰ ਪਿੰਡ ਵਿਖਾਉਣ ਦਾ ਵਾਅਦਾ ਕਰਕੇ ਲਿਆਈ ਸਾਂ।" ਉਸ ਨਿਆਣੇ ਵਰਗੀ ਰਿਹਾੜ ਨਾਲ ਕਿਹਾ, "ਮੈਂ ਬੀਜੀ ਨੂੰ ਨਾਲ ਲੈ ਜਾਊਂ।"

ਸੰਤ ਕੌਰ ਦੇ ਬੋਲ ਜਿਵੇਂ ਬਰਫ ਦੀ ਗੁਫਾ ਲੰਘ ਕੇ ਆਏ ਹੋਣ, "ਮੈਨੂੰ ਜ਼ਿਆਦਾ ਤੁਰਨਾ ਫਿਰਨਾ ਮਾਫਕ ਨਹੀਂ।"

"...ਤੇ ਪਾਪਾ ਜੀ, ਤੁਸੀਂ ਨਾਲ ਕਿਉਂ ਨਹੀਂ ਚਲੇ ਚਲਦੇ?"

ਪੂਰਨ ਸਿੰਘ ਧੀ ਕੋਲੋ ਅੱਖਾਂ ਚੁਰਾ ਕੇ ਅਕਾਲੀ ਪੱਤ੍ਰਕਾ ਦੇ ਪੰਨੇ ਫਰੋਲਣ ਲੱਗ ਪਿਆ, "ਪੁੱਤ, ਤੂੰ ਪਿੰਡ ਜਾਣ ਦਾ ਖ਼ਿਆਲ ਛੱਡ ਕਿਉਂ ਨਹੀਂ ਦਿੰਦੀ? ਉਂਞ ਜਾਣ ਨੂੰ ਤਾਂ ਕੋਈ ਨਹੀਂ, ਪਰ ਕੀਹਦਾ-ਕੀਹਦਾ ਮੂੰਹ ਫੜਾਂਗੇ? ਲੋਕ ਸੌ ਜੁੜੀ ਵਿੱਚ ਗੱਲਾਂ ਕਰਨਗੇ। ਪਿੰਡ ਦੇ ਲੋਕ ਅਜੇ ਵੀ ਸਵੇਰੇ ਉੱਠ ਕੇ ਤੇਰੇ ਬਾਬੇ ਦਾ ਨਾਂ ਲੈਂਦੇ ਨੇ। ਬਾਬਾ ਰਾਮ ਸਿੰਘ ਦੀ ਪੋਤਰੀ ਦੇ ਕੱਟੇ ਵਾਲ ਵੇਖ ਕੇ... ਨਹੀਂ ਪੁੱਤ !...ਮੇਰੀ ਤਾਂ ਮਰਨ ਮਿੱਟੀ ਹੋ ਜੂ !"

ਗੱਲ ਤੁਰੀ ਵੇਖ ਕੇ ਸੰਤ ਕੌਰ ਵੀ ਦਲੇਰ ਹੋ ਗਈ, "... ਤੇ ਤੂੰ ਰਾਣੀ ਏਤਰ੍ਹਾਂ ਕਾਹਨੂੰ ਕਰਨਾ ਸੀ। ਤੈਨੂੰ ਕਿਸੇ ਰਿਸ਼ਤੇਦਾਰ ਨੂੰ ਮਿਲਾਉਣ ਲਈ ਵੀ ਨਹੀਂ ਲਿਜਾ ਸਕਦੇ। ਮੁੰਡੇ ਜਦੋਂ ਇੱਥੋਂ ਗਏ ਨੇ ਕੀ ਸੋਹਣੇ ਜੂੜੇ ਕਰਦੇ ਸੀ ਤੇ ਹੁਣ...। ਫੋਟੋਆਂ ਵਿੱਚ ਚੰਗੇ ਲੱਗਦੇ ਨੇ ਭਲਾ। ਤੂੰ ਉਨ੍ਹਾਂ ਨੂੰ ਤਾਂ ਕੀ ਰੋਕਣਾ ਸੀ, ਤੂੰ ਤਾਂ ਆਪ ਹੀ... ਜਦੋਂ ਵਾਲ ਚਿੱਟੇ ਹੋਣ ਤੇ ਆਏ ਨੇ ਤਾਂ ਸਿਰ ਰਗੜ ਕੇ ਮੁਨਵਾ ਲਿਆ ਹੈ। ਕਨੇਡਾ ਵਿੱਚ ਚਲ ਜਾਂਦਾ ਹੋਊ ਏਦਾਂ। ਇੱਥੇ ਤਾਂ...।"

ਧੀ ਨੂੰ ਕਿੰਨੀ ਦੇਰ ਸੰਨ ਚੜ੍ਹੀ ਰਹੀ। ਉਸ ਭੰਮੱਤਰੀ ਜਿਹੀ ਨੇ ਦੋਹਾਂ ਵੱਲ ਵੇਖਿਆ ਤੇ ਫਿਰ ਖਿਝੀ ਹੋਈ ਬੋਲੀ, "ਆਪਣੇ ਲੋਕ ਤਾਂ ਅਨਪੜ੍ਹ ਨੇ ਤੇ ਤੁਸੀਂ ਵੀ ਲੋਕਾਂ ਪਿੱਛੇ ਝੱਟ ਲੱਗ ਜਾਂਦੇ ਓ। ਸਾਡੇ ਲੋਕ ਖ਼ੁਦ ਦਾ ਫ਼ਿਕਰ ਘੱਟ ਕਰਦੇ ਨੇ ਤੇ ਆਂਢੀਆਂ-ਗੁਆਂਢੀਆਂ ਦਾ ਜ਼ਿਆਦਾ। ਕਨੇਡਾ ਵਿੱਚ ਤਾਂ ਜਿਵੇਂ ਸੌਖਾ ਲੱਗਦਾ ਏ...।"

..........

ਬਾਹਰੋਂ ਆ ਕੇ ਪੂਰਨ ਸਿੰਘ ਡਿਊਢੀ ਵਿੱਚ ਹੀ ਬੈਠ ਗਿਆ। ਸਿਰ ਤੋਂ ਪੱਗ ਲਾਹ ਕੇ ਉਸ ਉਂਗਲਾਂ 'ਤੇ ਘੁਮਾਈ। ਪੱਗ ਗੋਡੇ 'ਤੇ ਰੱਖਣ ਲੱਗਿਆਂ ਉਹਨੂੰ ਗੱਲ ਪਾਈ ਚੁੱਪ ਯਾਦ ਆ ਗਈ। ਵਾਲਾਂ ਵਿੱਚ ਹੱਥ ਫੇਰਨ ਤੋਂ ਪਹਿਲਾਂ ਉਸ ਪੱਗ ਸਿਰ 'ਤੇ ਰੱਖ ਲਈ। ਮੂੰਹ ਤੱਕ ਆਇਆ 'ਵਾਹਿਗੁਰੂ ਵਾਹਿਗੁਰੂ' ਪਿਛਾਂਹ ਪਰਤ ਗਿਆ।

ਚੁਬਾਰੇ ਦੇ ਚੀਕ-ਚਿਹਾੜੇ ਨੇ ਡਿਉਢੀ ਦੀ ਛੱਤ ਸਿਰ ’ਤੇ ਚੁੱਕ ਲਈ।

ਖੇਸ ਹੇਠ ਰੱਖੀ ਤਾਸ਼ ਨੂੰ ਉਂਗਲਾਂ ਨਾਲ ਟੋਂਹਦਿਆਂ ਉਸ ਨੇ ਧੀ ਦੇ ਵਾਪਸੀ ਦੇ ਦਿਨ ਗਿਣੇ। ਖਿਝਿਆ ਹੋਇਆ ਉਹ ਰੌਲੇ ਨੂੰ ਮੁਖਾਤਿਬ ਹੋਇਆ, “ਪੁੱਤ, ਤੁਸਾਂ ਤਾਂ ਦੋਧੀ ਖਾਣ ਵਾਲੇ ਕਰਤਾ।”

ਚੁਬਾਰੇ ਦੇ ਰੌਲੇ ਨੇ ਕਬੂਤਰ ਵਾਂਗ ਅੱਖਾਂ ਮੀਟ ਲਈਆਂ। ਅਗਲੇ ਪਲ ਧੀ ਤੁਣਕੀ, “ਪਾਪਾ ਜੀ, ਤੁਸੀਂ ਤਾਂ ਇਨਜੁਆਏ ਵੀ ਨਹੀਂ ਕਰਨ ਦਿੰਦੇ।”

ਸੰਤ ਕੌਰ ਨੇ ਵੀ ਧੀ ਦਾ ਪੱਖ ਪੂਰਿਆ, “ਨਿਆਣੇ ਗੌਣ ਡਹੇ ਸਨ। ਤੁਹਾਨੂੰ ਥੱਲੇ ਬੈਠਿਆਂ ਨੂੰ ਪਤਾ ਨਹੀਂ ਕੀ...।”

ਉਹ ਪੌੜੀਆਂ ਚੜ੍ਹ ਕੇ ਵਿੱਟਰੀ ਧੀ ਕੋਲ ਜਾ ਬੈਠਾ, “ਪੁੱਤੀਏ! ਮੈਨੂੰ ਕੀ ਪਤਾ ਸੀ। ਮੈਂ ਸੋਚਿਆ, ... ਖੌਰੇ ਨਿਆਣੇ ਲੜੀ ਜਾਂਦੇ ਨੇ।... ਤੂੰ ਭਾਈ ਜਵਾਲਾ ਸਿੰਘ ਹੁਰਾਂ ਦਾ ਕੀਰਤਨ ਨਹੀਂ ਸੁਣਿਆ। ਤੂੰ ਨਿੱਕੀ ਸੈਂ ਉਦੋਂ। ਬਹੁਤ ਰਸ ਬੰਨ੍ਹਦੇ ਸਨ। ਬੱਚਿਆਂ ਦਾ ਝੁਕਾ ਵੀ ਰਾਗ ਵਿੱਦਿਆ ਵੱਲ ਕਰੋ। ਆਹ ਰੌਲਾ ਤਾਂ...।”

ਧੀ ਭਰੀ ਪੀਤੀ ਬੋਲੀ, “ਕੀ ਗੱਲ, ਇਨ੍ਹਾਂ ਨੂੰ ਕਰਨ ਲਈ ਹੋਰ ਕੰਮ ਨਾ ਲੱਭੂ।”

ਦੁਪਹਿਰ ਭੱਠੀ ਬਣੀ ਹੋਈ ਸੀ।

ਪੂਰਨ ਸਿੰਘ ਨੇ ਸੋਚਿਆ, ਅੱਜ ਦੀ ਦੁਪਹਿਰ ਉਹ ਪਿਨਸ਼ਨੀਏਂ ਯਾਰ ਦੀ ਨਿੰਮ ਹੇਠ ਗੁਜ਼ਾਰ ਆਵੇ। ਉਥੇ ਉਹ ਆਪਣੇ ਕੱਪੜੇ ਲਾਹ ਕੇ ਕਿਸੇ ਵੀ ਟਾਹਣੀ ’ਤੇ ਟੰਗ ਸਕਦਾ ਸੀ। ਉੱਥੇ ਤੋਤਿਆਂ ਦੀ ਟੁੱਕੀਆਂ ਨਮੋਲੀਆਂ ਆਪਣੇ ਨੰਗੇ ਪਿੰਡੇ ’ਤੇ ਡਿੱਗਦੀਆਂ ਉਹਨੂੰ ਖ਼ਰਾਬ ਨਹੀਂ ਸਨ ਲੱਗਣੀਆਂ।

...........

ਰੌਲੇ ਦੇ ਜਾਇਆਂ ਨੇ ਉਹਦੇ ਸਿਰ ਪੀੜ ਲਾ ਦਿੱਤੀ।

ਧੀ ਉਹਦਾ ਸਿਰ ਘੁੱਟਣ ਲੱਗ ਪਈ, “ਮੈਂ ਭਲਕੇ ਤੁਹਾਨੂੰ ਬਜ਼ਾਰੋਂ ਬਦਾਮ ਲਿਆ ਦਿਆਂਗੀ, ਸਿਰ ਵਾਸਤੇ ਚੰਗੇ ਹੁੰਦੇ ਨੇ।”

“ਹੁਣ ਤਾਂ ਪੁੱਤ ਉਮਰ ਈ ਇਹੋ ਜਿਹੀ ਐ।... ਬਦਾਮਾਂ ਨਾਲ ਕੀ ਫਰਕ ਪਊ।”

“ਅੱਜ ਕੱਲ ਤੁਸੀਂ ਬਹੁਤ ਛੇਤੀ ਖਿੱਝ ਜਾਂਦੇ ਓ। ਤੁਹਾਨੂੰ ਇਕਦਮ ਸਿਰ ਪੀੜ ਹੋਣ ਲੱਗ ਪੈਂਦੀ ਐ। ਇਹ ਕਮਜ਼ੋਰ ਸਿਹਤ ਦੀ ਨਿਸ਼ਾਨੀ ਏਂ। ਡਾਕਟਰ ਨੂੰ ਪੁੱਛ ਕੇ ਸਗੋਂ ਕੁੱਝ ਟਾਨਿਕ ਵੀ ਲਿਆ ਦਿਆਂਗੀ।”

ਰੁੱਖ ਬਣਿਆਂ ਬਹੁਤ ਧੁੱਪਾਂ ਸਹਿਣੀਆਂ ਪੈਂਦੀਆਂ ਨੇ। ਵੇਲ ਬਣਨਾ ਉਹਨੂੰ ਸੁਖਾਵਾਂ ਜਿਹਾ ਲੱਗਾ।

ਇਹ ਉਮਰ ਹੀ ਵੇਲ ਬਣਨ ਦੀ ਸੀ। ਉਹ ਅੱਖਾਂ ਮੀਟੀ ਲੇਟਿਆ ਰਿਹਾ।

ਸਿਰ ਘੁੱਟਦੀ ਧੀ ਫਰਾਕ ਵਾਲੀ ਰਾਣੀ ਹੋ ਗਈ। ਅੱਖਾਂ ਮੀਟੀ ਨੰਨੇ ਹੱਥਾਂ ਨੂੰ ਪਲੋਸਦਿਆਂ ਉਸ ਬੜੇ ਮੋਹ ਨਾਲ ਆਖਿਆ, “ਰਾਣੀ ਪੁੱਤੀਏ, ਤੇਰੇ ਸਿਰ ਘੁੱਟਣ ਨਾਲ ਮੈਂ ਬਿਲਕੁਲ ਰਾਜੀ ਹੋ ਗਿਆ ਵਾਂ। ਹੁਣ ਬੱਸ ਕਰ ਮੇਰੀ ਬੀਬੀ ਧੀ।”

...........

ਰਾਤ ਦੇ ਪੈੜੇ ਨਾਲ ਤਾਰੇ ਲੁਕਣਮੀਟੀ ਖੇਡਣ ਲੱਗ ਪਏ।

ਛੋਟਾ ਦੋਹਤਰਾ ਆ ਕੇ ਉਹਦੇ ਨੰਗੇ ਢਿੱਡ ਉੱਤੇ ਬੈਠ ਗਿਆ।

ਉਸ ਉਹਦੀ ਧੁੰਨੀ ਵਿੱਚ ਉਂਗਲੀ ਫੇਰੀ ਅਤੇ ਫਿਰ ਉਸੇ ਖੇਡ ਵਿੱਚ ਰੁਝ ਗਿਆ।

ਵੱਡੇ ਨੇ ਉਹਦੀ ਬਾਂਹ ਨੂੰ ਸਰਹਾਣਾ ਬਣਾ ਕੇ ਲੇਟਦਿਆਂ ਆਖਿਆ, “ਬਾਪੂ ਜੀ, ਬਾਤ ਸੁਣਾਉ।”

ਪਿਆਰ ਨਾਲ ਉਸ ਵੱਡੇ ਦੋਹਤਰੇ ਨੂੰ ਆਪਣੇ ਨਾਲ ਘੁੱਟ ਲਿਆ। ਉਹ ਜੋ ਪਿਛਲੇ ਦਿਨੀਂ ਵੇਲ ਬਣਿਆ ਸੀ, ਬਾਬਾ ਬੋਹੜ ਹੀ ਸੀ। ਉਸ ਦੇ ਫੈਲਾਅ ਵਿੱਚ ਟਾਹਣੀਆਂ ਵੀ ਸਨ ਅਤੇ ਪੱਤੇ ਵੀ, ਖਰਮਸਤੀ ਕਰਦੇ ਗਾਹਲੜ ਵੀ ਅਤੇ ਗੋਹਲਾਂ ਟੁਕਦੇ ਪਰਿੰਦੇ ਵੀ। ਉਹਦੀਆਂ ਜੜ੍ਹਾਂ ਦੂਰ ਤੱਕ ਫੈਲੀਆਂ ਹੋਈਆਂ ਸਨ। ਉਸ ਨੇ ਤਾਂ ਛਾਂ ਦੇਣੀ ਸੀ। ਉਹਨੇ ਧੁੱਪ ਸਾਹਵੇਂ ਪਰ ਖਿਲਾਰ ਕੇ ਆਪਣੇ ਬੋਟਾਂ ਨੂੰ ਲੂਅ ਤੋਂ ਬਚਾਉਣਾ ਸੀ। ਉਹ ਕੱਟਿਆ ਤਣਾ ਨਹੀਂ ਸੀ ਕਿ ਲਾਂਘੇ ’ਤੇ ਪਿਆ ਊਡਦੀ ਧੂੜ ਵਿੱਚ ਵਹਾਉਂਦਾ ਰਹੇ।

ਉਸ ਧੁੰਨੀ ਵਿੱਚ ਉਂਗਲ ਫੇਰ ਰਹੇ ਨਿੱਕੇ ਨੂੰ ਆਪਣੇ ਢਿੱਡ ਉੱਤੇ ਲਿਟਾ ਲਿਆ ਅਤੇ ਫਿਰ ਹੱਸਦਾ ਹੋਇਆ ਬੋਲਿਆ, “ਓ ਬਦਮਾਸ਼ੋ! ਜ਼ਰਾ ਸਾਹ ਲਵੋ, ਮੈਂ ਪਹਿਲਾਂ ਪਾਠ ਤਾਂ ਮੁਕਾ ਲਵਾਂ।”

...

ਅੱਜ ਉਹ ਦਿਨ ਸੀ ਜੋ ਬਹੁਤ ਵਾਰ ਪੂਰਨ ਸਿੰਘ ਦੀਆਂ ਉਂਗਲਾਂ ਦੀ ਗਿਣਤੀ ਤੋਂ ਬਾਹਰ ਰਹਿ ਗਿਆ ਸੀ।

ਬੱਚੇ ਉਹਦਾ ਪਿਆਰ ਲੈ ਬੱਸ ਵਿੱਚ ਜਾ ਬੈਠੇ।

ਸਾਮਾਨ ਰਖਵਾ ਕੇ ਧੀ ਫੇਰ ਉਹਦੇ ਕੋਲ ਪਰਤ ਆਈ, “ਦਵਾਈਆਂ ਯਾਦ ਨਾਲ ਖਾਂਦੇ ਰਿਹੋ ਜੇ। ਤਾਕਤ ਵਾਲੀਆਂ ਨੇ ਸਾਰੀਆਂ ਹੀ। ਬੀਜੀ ਵੀ ਬੇਸ਼ਕ ਇਹੀ ਖਾ ਲੈਣ। ਬਦਾਮਾਂ ਦੀ ਗਿਣਤੀ ਹੌਲੀ-ਹੌਲੀ ਵਧਾਇਓ। ਸ਼ੁਰੂ ਵਿੱਚ ਬਹੁਤੇ ਪਚਾਉਣੇ ਔਖੇ ਹੋਣਗੇ, ਹੋਰ ਕਿਤੇ...।”

“ਕੋਈ ਨਹੀਂ ਪੁੱਤੀਏ!... ਤੂੰ ਫ਼ਿਕਰ ਨਾ ਕਰ।” ਉਸ ਮੋਹ ਭਿੱਜੇ ਨੇ ਆਖਿਆ, “ਤੂੰ ਆਪਣਾ-ਖ਼ਿਆਲ ਰੱਖੀਂ। ਸਾਡੇ ਲਈ ਤਾਂ ਤੇਰੇ ਵੱਲੋਂ ਆਉਂਦੀ ਠੰਡੀ ਵਾ ਹੀ ਬਹੁਤ ਐ।”

ਪਿਛਲੇ ਦਿਨੀਂ ਘਰ ਦੀ ਭਾਂ-ਭਾਂ ਵਿੱਚ ਬਹੁਤ ਫੁੱਲ ਖਿੜੇ ਸਨ। ਅੱਜ ਫੇਰ ਉਹਦੇ ਅਤੇ ਬੁੱਢੇ ਪਿਨਸ਼ਨੀਏਂ ਵਿਚਕਾਰ ਘਸੇ ਪੱਤਿਆਂ ਵਾਲੀ ਤਾਸ਼ ਵਿਛ ਜਾਣੀ ਸੀ। ਖਿੱਝਣ ਦਾ ਬਹਾਨਾ ਲੱਭਣ ਲਈ ਉਸ ਬੱਚਿਆਂ ਦੇ ਰੌਲੇ ਵੱਲ ਕੰਨ ਕਰਨੇ ਸਨ ਅਤੇ ਸੁਣਨਾ ਸੀ ਟਰੰਕਾਂ ਪਿੱਛੇ ਦੌੜਦੇ ਚੂਹਿਆਂ ਦਾ ਖੜਾਕ। ਨਿੱਕਰ ਨੂੰ ਬਟਨ ਟਾਂਕ ਰਹੀ ਸੰਤ ਕੌਰ ਨੇ ਜਾਂਦਿਆਂ ਨੂੰ ਸ਼ਾਇਦ ਫਿਰ ਕੋਈ ਪੁਰਾਣਾ ਸਵੈਟਰ ਉਧੇੜ ਲਿਆ ਹੋਵੇ। ਧੀ ਨੂੰ ਹੁਣੇ ਪਰਤਣ ਲਈ ਜ਼ੋਰ ਦੇਣ ਵਰਗੇ ਲਹਿਜ਼ੇ ਵਿੱਚ ਉਸ ਆਖਿਆ “ਪੁੱਤੀਏ, ਤੂੰ ਬੱਚਿਆਂ ਨੂੰ ਲੈ ਕੇ ਹਰ ਸਾਲ ਹੀ ਆ ਜਾਇਆ ਕਰ। ਸਾਡੇ ਕੋਲ ਵੀ ਤਾਂ ਕੁੱਝ ਚਿਰ ਰੌਣਕ ਰਹੇ।”

“ਪਾਪਾ ਜੀ, ਹਰ ਸਾਲ ਤਾਂ ਕਿੱਥੇ ਆਇਆ ਜਾਂਦਾ ਏ।”

“ਹਾਂ,... ਏਨੇ ਰੁਪਏ ਤਾਂ ਫਿਰ ਕਾਹਨੂੰ ਪੁਟਣੇ ਨੇ।”

ਨਿਮੋਝੂਣੇ ਹੋਏ ਨੇ ਕਮੀਜ਼ ਹੇਠਾਂ ਪਾਏ ਗਾਤਰੇ ਨੂੰ ਠੀਕ ਕੀਤਾ। ਗਾਤਰੇ ’ਤੇ ਹੱਥ ਲੱਗਦਿਆਂ ਹੀ ਧੀ ਦੇ ਬੁਆਏ ਕੱਟ ਵਾਲ ਮੁੜ ਰਿਸ਼ਤੇ ਵਿਚਾਲੇ ਆ ਗਏ।

ਡਰਾਈਵਰ ਨੇ ਬੱਸ ਦਾ ਹਾਰਨ ਮਾਰ ਦਿੱਤਾ।

ਬੱਚਿਆਂ ਨੇ ਬੱਸ ’ਚੋਂ ਹਾਕ ਮਾਰੀ।

ਰਿਸ਼ਤੇ ਦੇ ਨਿੱਘ ਲਈ ਬੁੱਢੇ ਪਿਓ ਦੇ ਕਲਾਵੇ ਵਿੱਚ ਆਈ ਧੀ ਕੁਕੜੀ ਦੇ ਖੰਭਾਂ ਹੇਠ ਥਾਂ ਭਾਲ ਰਹੇ ਚੂਚੇ ਵਰਗੀ ਹੋ ਗਈ। ਧੀ ਦੇ ਸਿਰ ਵੱਲ ਉਠਿਆ ਉਹਦਾ ਹੱਥ ਬੇ-ਸਹਾਰੇ ਪੌਦੇ ਵਾਂਗ ਕੁਮਲਾ ਕੇ ਧੀ ਦੇ ਮੋਢੇ ’ਤੇ ਟਿਕ ਗਿਆ।

ਪ੍ਰਦੇਸਣ ਧੀ ਲਈ ਉਹ ਇਸ ਪਲ ਜਿਵੇਂ ਮੋਹ ਦਾ ਕਤਰਾ ਵੀ ਨਹੀਂ ਸੀ। ਉਹ ਜਰਖੇਜ਼ ਜ਼ਮੀਨ ਦਾ ਟੋਟਾ ਸੀ, ਰੇਤ ਕਿੱਦਾਂ ਹੋ ਗਿਆ? ਸ਼ਾਇਦ ਧੀ ਦੇ ਕੱਟੇ ਹੋਏ ਵਾਲਾਂ ਨੇ ਹੀ ਉਸ ਨੂੰ ਸਾਂਝੇ ਖੂਹ ਦੇ ਚੋਂਦੇ ਡੋਲ ਵਰਗਾ ਬਣਾ ਦਿੱਤਾ ਸੀ। ਸਾਰਾ ਪਿਆਰ ਤਿੱਪ ਤਿੱਪ ਕਰਕੇ ਚੋਅ ਗਿਆ ਸੀ।

ਉਹਦੇ ਮੱਥੇ ’ਚੋਂ ਸੇਕ ਨਿਕਲਣ ਲੱਗ ਪਿਆ। ਸਮੁੰਦਰ ਦੀ ਹਿੱਕ ’ਤੇ ਵਗੀ ਪੌਣ ਜੇ ਕੁੱਝ ਨਮਕੀਨ ਹੋ ਗਈ ਹੋਵੇ ਤਾਂ ਪੌਣ ਦਾ ਕੀ ਦੋਸ਼?

ਤੁਰਨ ਲੱਗੀ ਬੱਸ ਵਿੱਚ ਕਾਹਲੀ ਨਾਲ ਚੜ੍ਹਦਿਆਂ ਉਸ ਡਰਾਇਵਰ ਨੂੰ ਕੁੱਝ ਰੁਕਣ ਲਈ ਆਖਿਆ। ਸਵਾਰੀਆਂ ’ਤੇ ਡਿੱਗਦਾ... ਢਹਿੰਦਾ ਉਹ ਧੀ ਤੱਕ ਪਹੁੰਚਿਆ।

“ਪੁੱਤੀਏ... ਮੈਂ ਤਾਂ ਤੈਨੂੰ ਪਿਆਰ ਦੇਣਾ ਹੀ ਭੁੱਲ ਗਿਆ ਸਾਂ।” ਸਿਰ ਪਲੋਸਦਿਆਂ ਉਸ ਧੀ ਦਾ ਮੱਥਾ ਚੁੰਮ ਲਿਆ ਅਤੇ ਭਰੀਆਂ ਅੱਖਾਂ ਨਾਲ ਬੋਲਿਆ, “ਜਦੋਂ ਤੂੰ ਅਗਲੀ ਵਾਰ ਆਵੇਂਗੀ, ਪਤਾ ਨਹੀਂ ਮੈਂ ਹੋਣਾ ਵੀ ਹੈ ਕਿ ਨਹੀਂ।” ਬੱਚਿਆਂ ਦਾ ਸਿਰ ਪਲੋਸ ਕੇ ਉਹ ਬੱਸ ਵਿੱਚੋਂ ਉਤਰ ਗਿਆ।

ਧੀ ਨੇ ਚੱਲਦੀ ਬੱਸ ਵਿਚੋਂ ਨਦੀ ਦੇ ਰੁੱਖ ਨੂੰ ਵਿਦਾ ਆਖੀ। ਵੱਡੇ ਦੀ ਗੋਦੀ ਵਿੱਚ ਪਏ ਗੁਲਦਸਤੇ ਦੀ ਬੇਧਿਆਨੀ ਵਿੱਚ ਟਾਹਣੀ ਟੁਕਦਿਆਂ ਉਸ ਠੰਡਾ ਸਾਹ ਭਰਿਆ ਤੇ ਪਿੱਛੇ ਦੌੜਦੇ ਖੇਤਾਂ ਵੱਲ ਤੱਕਦਿਆਂ ਅੱਖਾਂ ਪੂੰਝ ਲਈਆਂ।

ਧੁੰਨੀ ਵਿੱਚ ਉਂਗਲ ਫੇਰਨ ਦੀ ਖੇਡ ਖੇਡਣ ਵਾਲੇ ਦੋਹਤਰੇ ਨੇ ਮਿੱਟੀ ਦੇ ਗੁਬਾਰ ਓਹਲੇ ਗੁੰਮ ਹੋ ਗਏ ਲਈ ਆਖ਼ਰੀ ਵਾਰ ਹੱਥ ਹਿਲਾਇਆ।

# ਮਨੁੱਖ ਹੋਣ ਦਾ ਅਦਬ ਤੇ ਜਿਊਣ ਦੀ ਹੁੱਬ

**ਕਰਨੈਲ ਸਿੰਘ ਸੋਮਲ**

ਮਨੁੱਖ ਹੋਣ ਦੀ ਖੂਬੀ ਉਸ ਖ਼ੂਬਸੂਰਤੀ ਨੂੰ ਪਛਾਣਨ, ਸਲਾਹੁਣ ਤੇ ਸੁਰੱਖਿਅਤ ਬਣਾਉਣ ਵਿਚ ਹੈ ਜੋ ਜ਼ਿੰਦਗੀ ਵਿਚ ਕਦੇ ਸੈਨਤਾਂ ਨਾਲ ਜ਼ਾਹਿਰ ਹੁੰਦੀ ਤੇ ਕਦੇ ਲੁਪਤ ਹੁੰਦੀ, ਜਿਊਣ ਦੀ ਅਮੁੱਕ ਲਾਲਸਾ ਬਣ ਸਦੈਵ ਖਿੱਚਾਂ ਪਾਈ ਜਾਂਦੀ ਹੈ।

ਕਦੇ ਕੋਈ ਮਨਚਾਹੀ ਤਸਵੀਰ, ਕੋਈ ਪਿਆਰਾ ਦ੍ਰਿਸ਼, ਕੀਲਵਾ ਅੰਦਾਜ਼, ਤੁਠ ਗਈ ਨਜ਼ਰ ਕਿਸੇ ਦੀ, ਕੋਈ ਛਬ ਨਿਰਾਲੀ ਜੋ ਛਾ ਜਾਏ ਰੂਹ 'ਤੇ ਸਾਰੀ ਦੀ ਸਾਰੀ, ਮਾਣ-ਮੱਤਾ ਬਣ ਜਾਣ ਬੋਲ ਕਿਸੇ ਦੇ, ਲਿਹਾਜ਼ ਤੇ ਅਦਬ ਅਜਿਹਾ ਕਿ ਸਿਰ ਉੱਚਾ ਹੋਵੇ ਦੁਵੱਲੀਂ ਤੇ ਇਉਂ ਆਲਾ-ਦੁਆਲਾ ਦਿਆਲਤਾ ਨਾਲ ਤਰ ਹੋਇਆ ਦਿੱਸੇ, ਉਤਰ-ਉਤਰ ਆਉਂਦੇ ਸਾਵਣ ਦੀ ਤਰ੍ਹਾਂ। ਖ਼ੁਦਾਈ ਸਾਹਾਂ ਵਿਚ ਘੁਲ ਘੁਲ ਜਾਏ - ਕੀ ਕੌਲ ਕੌਲ ਨਹੀਂ ਖਿੜ ਜਾਂਦਾ ਬੰਦੇ ਦਾ ਤਦ?

ਧਰਤੀ ਦੀ ਬੁੱਕਲ ਵਿਚ ਛਿਪੀ ਵਚਿੱਤਰਤਾ ਜਾਂ ਮਨੁੱਖੀ ਘਾੜਤ ਦੇ ਕਿਸੇ ਕ੍ਰਿਸ਼ਮੇ ਨੂੰ ਘੜੀ ਪਲ ਤੱਕਦਿਆਂ ਸੈਲਾਨੀ ਨੂੰ ਰਾਹ ਦੀਆਂ ਔਖਿਆਈਆਂ ਤੇ ਖ਼ਤਰੇ (ਇਸ ਲੱਭਤ ਦੇ ਮੁਕਾਬਲੇ) ਤੁੱਛ ਜਾਪਦੇ ਹਨ। ਦੂਰ ਪਹਾੜਾਂ ਦੀਆਂ ਤਲੀਆਂ 'ਤੇ ਟਿਕੀ ਕੋਈ ਝੀਲ, ਕਿਤੇ ਅਨੋਖੇ ਜਲੌਅ ਵਿਚ ਚੜ੍ਹਦੇ ਜਾਂ ਛਿਪਦੇ ਸੂਰਜ ਦਾ ਦ੍ਰਿਸ਼ ਜਾਂ ਚੰਨ ਚਾਨਣੀ ਵਿਚ ਧੋਤੀ ਕਿਸੇ ਦੁੱਧ ਚਿੱਟੀ ਇਮਾਰਤ ਦਾ ਦ੍ਰਿਸ਼-ਲੰਮੀਆਂ ਵਾਟਾਂ ਤੇ ਔਖੇ ਪੈਂਡੇ ਇਨ੍ਹਾਂ ਦੇ ਮੁੱਲ ਨੂੰ ਵਧਾ ਹੀ ਤਾਂ ਦਿੰਦੇ ਹਨ।

ਹਾੜ੍ਹ ਦੇ ਹੁੰਮਸ ਵਿਚ ਰੁਮਕਦੀ ਹਵਾ ਦਾ ਇਕ ਬੁੱਲਾ ਜ਼ਰਾ ਛੂਹ-ਛੁਹਾਈ ਖੇਡ ਜਾਂਦਾ ਹੈ। ਰੋਮ ਰੋਮ ਨਿੱਸਲ ਹੋਣ ਲੱਗਦਾ ਹੈ। ਪਿੱਛੋਂ ਚੁਪਕੇ ਜਿਹੇ ਆ ਕੇ ਬਾਲ ਆਪਣੇ ਨਿੱਕੇ ਨਿੱਕੇ ਹੱਥਾਂ ਦੀ ਛੂਹ ਗਲਵੇਂ ਨੂੰ ਦੇ, ਤ੍ਰਭਕਾਉਂਦੀ 'ਝਾਤ' ਆਖ ਜਾਂਦਾ ਹੈ ਤਾਂ ਅਕੇਵਾਂ-ਥਕੇਵਾਂ ਉੱਡ-ਪੁੱਡ ਜਾਂਦਾ ਹੈ। ਬੰਦਾ ਹੌਲਾ ਫੁੱਲ ਹੋ ਜਾਂਦਾ ਹੈ।

ਅਕਾਸ਼ੀ ਉੱਡਦੇ ਪੰਛੀਆਂ ਨਾਲ ਧਰਤੀ ਤੋਂ ਤੱਕਦਿਆਂ ਦੀਆਂ ਤਾਰਾਂ ਜੁੜ ਜਾਂਦੀਆਂ ਹਨ। ਦੁਨੀਆਂ ਭਰ ਦੀ ਸੈਰ ਅਜੇ ਟਾਵੇਂ-ਟਾਵੇਂ ਹੀ ਕਰ ਸਕਦੇ ਹਨ ਪਰ ਕਿਸੇ ਪੰਛੀ ਜਾਂ ਸੈਲਾਨੀ ਸੰਗ ਆਪਣੀ ਕਲਪਨਾ ਦੀ ਉਡਾਰੀ ਭਰ ਕੇ ਕੀ ਕੁੱਝ ਨਹੀਂ ਵੇਖ ਲਈਦਾ?

ਮਾਂ ਆਪਣੇ ਬਾਲ ਨੂੰ ਚੁਫੇਰੇ ਧੂੜੇ ਗਏ ਸੁਹੱਪਣ ਤੋਂ ਕਿਵੇਂ ਜਾਣੂੰ ਕਰਾਉਂਦੀ ਹੈ? 'ਅਹੁ ਵੇਖ ਚੰਦ, ਅਹੁ ਤਾਰੇ, ਵੇਖ ਮੋਰ, ਅਹੁ ਉੱਡ ਗਿਆ ਤੋਤਾ, ਇਹ ਫੁੱਲ ਤੇ ਤਿਤਲੀਆਂ, ਛੂਹ ਕੇ ਵੇਖ ਵਗਦੇ ਪਾਣੀ ਨੂੰ...।' ਮਾਵਾਂ ਜਿਹੇ ਹੀ ਹਮਦਰਦ ਤੇ ਹੁਸੀਨ ਰੂਹਾਂ ਵਾਲੇ ਲੋਕ, ਚਿੱਤ ਤੋਂ ਕਲਾਕਾਰ, ਮਿਸ਼ਾਲਾਂ ਵਾਂਗ ਜਗਦੇ, ਉੱਚੀਆਂ ਦ੍ਰਿਸ਼ਟੀਆਂ ਤੇ ਸੁੱਚੀਆਂ ਸੋਚਾਂ ਦੇ ਮਾਲਕ ਸਾਨੂੰ ਨਿਰੋਈਆਂ ਆਸਾਂ ਤੇ ਸੋਹਣੇ ਵਿਸ਼ਵਾਸਾਂ ਦੇ ਲੜ ਲਾ ਦਿੰਦੇ ਹਨ। ਇਉਂ ਸਾਨੂੰ ਆਪਣੀਆਂ ਲੁਕੀਆਂ ਸਮਰੱਥਾਵਾਂ ਨੂੰ ਤੋਲਣ, ਤੇ ਰਾਹ ਟਟੋਲਣ ਦੀਆਂ ਜੁਗਤਾਂ ਸੁੱਝਣ ਲੱਗਦੀਆਂ ਹਨ। ਜੀਵਨ ਮੇਲੇ ਨੂੰ ਲੁੱਟਣ ਦਾ ਅਣਮਿਉਂਦਾ ਚਾਓ, ਜਾਣੋ ਹਰਿਆਲੀ ਦੀ ਸੰਘਣੀ ਤਹਿ ਬਣੇ ਪੱਤਿਆਂ ਵਿਚੋਂ ਕੰਵਲ ਫੁੱਲ ਉੱਚੇ ਹੋ-ਹੋ ਕੂਕਦੇ ਹਨ ਕਿ ਕੋਲ ਕੁੱਝ ਨਹੀਂ ਰੱਖਣਾ, ਵੰਡ ਦੇਣਾ ਹੈ ਸਭੋ ਕੁੱਝ।

ਪਰ ਸਾਡੇ ਅਜੋਕੇ ਵਿਹਾਰਾਂ ਤੇ ਵਰਤਾਵਿਆਂ ਦਾ ਹਾਲ ਜ਼ਰਖੇਜ਼ ਜ਼ਮੀਨ ਉੱਤੇ ਜੰਮੀਆਂ ਪੇਪੜੀਆਂ ਵਾਲਾ ਹੈ। ਹੇਠ ਦੱਬੇ ਘੁਟੇ ਬੀਜ ਹੁੰਦੇ ਹਨ। ਬੀਜ ਤੁਰਦੇ ਤਾਂ ਹਨ ਪਰ ਸਖ਼ਤ ਪੇਪੜੀ ਹੇਠ ਬੇਵੱਸ ਮਰੀ ਜਾਂਦੇ ਹਨ। ਤਰਾਵਤ ਉੱਡ ਪੁੱਡ ਗਈ ਹੈ।

ਦੂਜੇ ਦੀ ਆਬਰੂ ਦਾ ਪਾਸ ਹੋਣਾ, ਨਿੱਕੀਆਂ-ਨਿੱਕੀਆਂ ਲਿਹਾਜ਼ਾਂ, ਕਦੇ ਦੂਜੇ ਦੀ ਉਮਰ ਕਰਕੇ, ਕਦੇ ਦੂਜੇ ਦੀ ਜ਼ਰੂਰਤ ਕਰਕੇ ਜਾਂ ਉਂਜ ਹੀ ਦੂਜੇ ਨੂੰ ਪਹਿਲ ਦਿੰਦਿਆਂ ਉਸ ਉੱਤੇ ਅਪਣੱਤ ਦਾ ਛਤਰ ਝੁਲਾ ਦੇਣਾ। ਦੂਜੇ ਨੂੰ ਰਾਹ ਦੇਣਾ, ਥੋੜ੍ਹੀ ਥਾਂ ਬਣਾ ਲੈਣੀ ਅਗਲੇ ਲਈ, ਉਸ ਦੀ ਬਿਹਤਰੀ ਲਈ ਫ਼ਿਕਰਮੰਦ ਹੋਣਾ ਤੇ ਇਸ ਤਰ੍ਹਾਂ ਦੁਪਾਸੀ ਖ਼ੈਰਾਂ ਦੀ ਚਾਹਤ ਦਾ ਪਸਰ ਜਾਣਾ। ਸੁਖਾਲੀ ਲੱਗਦੀ ਹੈ ਇਉਂ ਜ਼ਿੰਦਗੀ।

ਫੁੱਲ-ਪੌਦਿਆਂ ਨੂੰ ਪਾਣੀ ਦੇਣਾ, ਬੇਜ਼ੁਬਾਨਾਂ ਦੀਆਂ ਜ਼ਰੂਰਤਾਂ ਨੂੰ ਸਮਝਣਾ ਤੇ ਇਉਂ ਆਪਣੀ ਕੋਠੜੀ ਦੇ ਬੂਹੇ ਬਾਹਰ ਦੇ ਸੰਸਾਰ ਵੱਲ ਖੋਲ੍ਹ ਦੇਣੇ। ਕਿਉਂ ਕੋਈ ਨਾਜ਼ ਨਾ ਕਰੇਗਾ ਇਨ੍ਹਾਂ ਸ਼ੋਭਦੇ ਵਤੀਰਿਆਂ ਅਤੇ ਵਰਤਾਰਿਆਂ 'ਤੇ? ਲੋੜੀਂਦੀ ਵੱਤਰ ਦਾ ਹੋਣਾ ਪੇਪੜੀਆਂ ਨੂੰ ਬਣਨ ਨਹੀਂ ਦਿੰਦਾ। ਜ਼ਮੀਨ ਹਰ ਬੀਜ ਨੂੰ ਉੱਗਣ ਦੇਣ ਵਿਚ ਆਪਣੀ ਪੂਰੀ ਵਾਹ ਬੇਸ਼ੱਕ ਲਾਉਂਦੀ ਹੈ। ਸੂਹਜ ਨੂੰ ਡੱਬੀਆਂ ਵਿਚ ਬੰਦ ਕਰਨ ਦੀ ਲਾਲਸਾ ਵਾਲੇ ਕੀ ਜਾਨਣ ਕਿ ਸਭੋ ਕੁਝ ਸੋਂਹਦਾ ਤੇ ਜਚਵਾਂ ਹੁੰਦਾ ਹੈ ਜਦੋਂ ਮੌਲਣ ਤੇ ਵਿਗਸਣ ਦੇ ਮੌਕੇ ਮਿਲਦੇ ਹਨ। ਜੀਵਨ ਜਿਊਣ ਦੀ ਹੁੱਬ ਤੇ ਮਨੁੱਖ ਹੋਣ ਦੇ ਅਦਬ ਨੂੰ ਯਕੀਨੀ ਬਣਾਉਣ ਲਈ ਸੰਸਾਰ ਵਿਚ ਕਿੰਨੇ ਸਿਦਕਵਾਨ ਸ਼ਹੀਦ ਹੋਏ, ਲੱਖਣ ਲਾਉਣਾ ਕਠਿਨ ਹੈ। ਸਾਡੇ ਆਪਣੇ ਦੇਸ਼ ਵਿਚ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਇਸੇ ਲਈ ਸਨ ਕਿ ਹਰ ਭਾਰਤੀ ਨੂੰ ਮਾਨ-ਸਨਮਾਨ ਵਾਲਾ ਤੇ ਹਰ ਤਰ੍ਹਾਂ ਸੁਰੱਖਿਅਤ ਜੀਵਨ ਜਿਊਣ ਨੂੰ ਮਿਲੇ। ਆਜ਼ਾਦੀ ਦੇ ਪਰਵਾਨਿਆਂ ਦਾ ਅਸੀਂ ਕਿੰਨਾ ਕੁ ਮਾਣ ਰੱਖ ਸਕੇ ਹਾਂ। ਸਾਨੂੰ ਸਦੀਆਂ ਤੋਂ ਸਿਲੇਹਾਰਾਂ ਦੀ ਜੂਨੀ ਭੋਗਦਿਆਂ ਨੂੰ ਮੁਕਤੀ ਦਰਕਾਰ ਰਹੀ ਹੈ। ਅਜੇ ਵੀ ਧਰਮ, ਜਾਤ, ਫ਼ਿਰਕਾ, ਜ਼ੁਬਾਨ ਆਦਿ ਨਾਲ ਜੁੜੇ ਜਜ਼ਬਿਆਂ ਨੂੰ ਭੜਕਾ ਕੇ ਆਪਣੀ ਸਵਾਰਥ-ਪੂਰਤੀ ਕਰਨ ਵਿਚ ਜਿਹੜੇ ਸਫਲ ਰਹੇ ਹਨ ਉਨ੍ਹਾਂ ਦੀਆਂ ਵਾਛਾਂ ਖਿੜਨੀਆਂ ਹੀ ਹਨ। ਦੂਜੇ ਬੰਨੇ, ਆਮ ਆਦਮੀ ਸਿੱਖਿਆ, ਸਿਹਤ ਤੇ ਚੰਗੇਰੇ ਜੀਵਨ ਦੀਆਂ ਸਹੂਲਤਾਂ ਤੋਂ ਵੰਚਿਤ ਹੈਸੀ ਤੇ ਹੁਣ ਵੀ ਉਸ ਦੀ ਹਾਲਤ ਵਿਚ ਵੇਖਣ ਯੋਗ ਪਰਿਵਰਤਨ ਨਹੀਂ ਆਇਆ। ਅਜੇ ਤਾਂ ਮੂਹਰਲਿਆਂ ਨੂੰ ਹੀ ਰੱਜ ਨਹੀਂ ਆ ਰਿਹਾ। ਸੱਜਣਤਾ ਦੀ ਗੱਲ ਤਾਂ ਇਹ ਸੀ ਕਿ ਆਪਣੇ ਜ਼ੁੰਮੇ ਲੱਗੇ ਕੰਮ ਨੂੰ, ਜਿਸ ਲਈ ਉਸ ਨੂੰ ਤਨਖਾਹ ਮਿਲਦੀ ਸੀ, ਉਹ ਚਾਈਂ ਚਾਈਂ ਕਰਦਾ ਤੇ ਅੱਗੇ ਅਗਲਾ ਸ਼ੁਕਰਾਨਾ ਪ੍ਰਗਟਾਉਣ ਵਿਚ ਮਾਣ ਮਹਿਸੂਸ ਕਰਦਾ। ਪਰ ਉਹ ਖੁੰਝ ਗਿਆ ਜਦੋਂ ਉਸ ਨੇ ਕਲਮ ਰੋਕ ਲਈ ਅਤੇ ਧੰਨਵਾਦ ਦੇ ਦੋ ਲਫ਼ਜ਼ਾਂ ਦੀ ਥਾਂ ਅਗਾਊਂ ਚਾਰ ਛਿੱਲੜਾਂ ਦੀ ਮੰਗ ਕੀਤੀ। ਅਖੇ 'ਸਭੋ ਕੁਝ ਨਕਦੋ-ਨਕਦੀ, ਤੂੰ ਵੀ ਖੁਸ਼ ਮੈਂ ਵੀ ਖੁਸ਼। ਗੱਲ ਮੁੱਕ ਗਈ।' ਜਾਣੋ ਝਟਕਈ ਨੇ ਆਪਣੀ ਤੇਜ਼ ਛੁਰੀ ਨਾਲ ਮਾਸ ਦੇ ਟੋਟੇ ਕਰਦਿਆਂ ਕਿਹਾ, 'ਬਸ ਐਨਾ ਕੁ?' ਝਟਕਈ ਮਾਨਸਿਕਤਾ ਪ੍ਰਧਾਨ ਹੋ ਗਈ ਹੈ, ਬੇਕਿਰਕੀ ਦਾ ਹੱਦ ਬੰਨਾ ਕੋਈ ਨਹੀਂ ਰਿਹਾ।

ਮਨੁੱਖੀ ਸੰਬੰਧਾਂ ਨੂੰ ਇਉਂ ਕੱਟਣ ਦੀ ਬਿਰਤੀ ਆਮ ਬੰਦੇ ਦਾ ਮੂੰਹ ਮੋੜਦੀ ਹੈ। ਉਹ ਵਰਤਮਾਨ ਤੋਂ ਤਾਂ ਸ਼ਰਮਿੰਦਾ ਹੁੰਦਾ ਹੀ ਹੈ ਭਵਿੱਖ ਵੱਲ ਵੀ ਵੇਖਣ ਦੀ ਹਿੰਮਤ ਨਹੀਂ ਕਰਦਾ। ਵੇਸਵਾ - ਬਿਰਤੀ ਕਿਹੋ ਜਿਹੇ ਬੰਦੇ ਪੈਦਾ ਕਰਦੀ ਹੈ? ਸਮਝਣਾ ਔਖਾ ਨਹੀਂ। ਪਤਾ ਨਹੀਂ ਕਿਉਂ ਰਹਿ ਰਹਿ ਕੇ ਇਕ ਗੀਤ ਦੇ ਇਹ ਬੋਲ ਯਾਦ ਆਈ ਜਾਂਦੇ ਹਨ : **ਅੱਬ ਕੋਈ ਗੁਲਸ਼ਨ ਨਾ ਉਜੜੇ, ਅਬ ਵਤਨ ਆਜ਼ਾਦ ਹੈ।** ਦਹਾਕਿਆਂ ਪਹਿਲਾਂ ਕਿਸੇ ਕਲਾਕਾਰ ਮਨ ਨੇ ਇਕਰਾਰ ਮੰਗਿਆ ਸੀ ਕਿ ਇਸ ਗੁਲਸ਼ਨ ਦਾ ਆਬਾਦ ਰਹਿਣਾ ਯਕੀਨੀ ਹੋ ਸਕੇ। ਇਹ ਸੋਹਣਾ ਇਕਰਾਰ ਕੀ ਪੂਰਾ ਹੋਣਾ ਨਹੀਂ ਬਣਦਾ?

# ਹਵਾ-ਪ੍ਰਦੂਸ਼ਣ

ਸਾਡੇ ਆਲੇ-ਦੁਆਲੇ ਦੀ ਵਾਯੂ-ਮੰਡਲੀ ਪਰਤ ਵਿਚ ਮੌਜੂਦ ਧੂੜ, ਧੂੰਆਂ, ਗੈਸ, ਧੁੰਦ, ਬਦਬੂ ਤੇ ਵਾਸ਼ਪ ਆਦਿ ਦੀ ਉਹ ਅਣਉੱਚਿਤ ਮਾਤਰਾ, ਜੋ ਮਨੁੱਖਾਂ, ਪੌਦਿਆਂ ਜਾਂ ਜੀਵਾਂ ਲਈ ਨੁਕਸਾਨਦੇਹ ਪ੍ਰਭਾਵਾਂ ਦਾ ਕਾਰਨ ਬਣਦੀ ਹੈ, ਨੂੰ ਹਵਾਂ- ਪ੍ਰਦੂਸ਼ਣ ਕਿਹਾ ਜਾਂਦਾ ਹੈ। ਹਵਾ-ਪ੍ਰਦੂਸ਼ਣ ਸਾਨੂੰ ਸੁਖਦਾਇਕ ਜੀਵਨ ਦੇ ਆਨੰਦ ਨੂੰ ਮਾਣਨ ਵਿਚ ਰੁਕਾਵਟ ਜਾਂ ਵਿਘਨ ਦਾ ਕਾਰਨ ਬਣਦਾ ਹੈ।

ਭਿੰਨ-ਭਿੰਨ ਲੋਕਾਂ ਲਈ ਹਵਾ-ਪ੍ਰਦੂਸ਼ਣ ਦਾ ਭਾਵ ਭਿੰਨ-ਭਿੰਨ ਹੈ। ਇਕ ਘਰੇਲੂ ਔਰਤ ਲਈ ਤਾਂ ਇਹ ਧੂੰਏ ਨਾਲ ਚੁੰਨੀਆਂ ਹੋਈਆਂ ਅੱਖਾਂ ਜਾਂ ਖਰਾਬ (ਮੈਲੇ-ਕੁਚੈਲੇ) ਹੋਏ ਕੱਪੜੇ ਦਾ ਰੂਪ ਹੁੰਦਾ ਹੈ। ਇਕ ਕਿਸਾਨ ਲਈ, ਇਹ ਗਲੀ-ਸੜੀ ਬਨਸਪਤੀ ਤੋਂ ਪੈਦਾ ਹੋ ਰਹੀ ਬਦਬੂ ਦਾ ਰੂਪ ਹੁੰਦਾ ਹੈ। ਹਵਾਈ ਜਹਾਜ਼ ਦਾ ਚਾਲਕ ਇਸ ਨੂੰ ਦ੍ਰਿਸ਼ਟੀਖੇਤਰ ਦੇ ਸੌੜੇਪਣ ਨਾਲ ਜੋੜਦਾ ਹੈ। ਉਦਯੋਗਪਤੀਆਂ ਲਈ ਇਹ ਉਦਯੋਗਿਕ ਕ੍ਰਿਆਵਾਂ ਦੇ ਕੰਟਰੋਲ ਅਤੇ ਜਨ-ਸੰਪਰਕ ਸਮੱਸਿਆਵਾਂ ਨਾਲ ਜੁੜਿਆ ਮਸਲਾ ਹੁੰਦਾ ਹੈ।

ਹਵਾ-ਪ੍ਰਦੂਸ਼ਣ ਦੇ ਦੋ ਮੁੱਖ ਸਰੋਤ ਹਨ। ਕੁਦਰਤੀ ਸਰੋਤ ਅਤੇ ਮਨੁੱਖ ਨਿਰਮਾਣਿਤ ਸਰੋਤ। ਜੰਗਲਾਂ ਦੀ ਅੱਗ ਤੋਂ ਪੈਦਾ ਹੋਇਆ ਧੂੰਆਂ, ਰਾਖ ਤੇ ਕਾਲਖ, ਜਵਾਲਾ ਮੁੱਖੀਆਂ ਦੇ ਫਟਣ ਉੱਤੇ ਪੈਦਾ ਹੋਈ ਰਾਖ, ਧੂੰਆਂ, ਕਾਰਬਨਿਕ ਅਤੇ ਅਕਾਰਬਨਿਕ ਪਦਾਰਥ, ਤੂਫਾਨਾਂ ਝੱਖੜਾਂ ਤੇ ਹਨੇਰੀਆਂ ਆਦਿ ਦੇ ਆਉਣ ਨਾਲ ਹਵਾ ਵਿਚ ਰਲੀ ਧੂੜ ਆਦਿ ਹਵਾ ਪ੍ਰਦੂਸ਼ਣ ਦੇ ਕੁਦਰਤੀ ਸਰੋਤ ਹਨ। ਖੇਤੀਬਾੜੀ ਕਾਰਜਾਂ ਤੋਂ ਪੈਦਾ ਹੋਇਆ ਕੂੜਾ-ਕਬਾੜਾ ਤੇ ਰਹਿੰਦ-ਖੂੰਹਦ ਖਾਸ ਕਰ ਫੱਕ, ਪਰਾਲੀ ਤੇ ਤੂੜੀ ਆਦਿ ਦਾ ਗਲਣਾ-ਸੜਣਾ ਅਤੇ ਪਤਝੜ ਦੇ ਮੌਸਮ ਵਿਚ ਦਰੱਖਤਾਂ ਦੇ ਪੱਤਿਆਂ ਦਾ ਗਿਰਣਾ ਆਦਿ ਕੁਦਰਤੀ ਹਵਾ-ਪ੍ਰਦੂਸ਼ਣ ਦੇ ਸਰੋਤ ਹੀ ਹਨ। ਇਨ੍ਹਾਂ ਪਦਾਰਥਾਂ ਦੇ ਗਲਣ-ਸੜਣ ਦੀ ਕ੍ਰਿਆ ਤੋਂ ਅਨੇਕ ਪ੍ਰਦੂਸ਼ਣ-ਕਰਤਾ ਹਵਾ ਵਿਚ ਰਲਦੇ ਰਹਿੰਦੇ ਹਨ।

ਰੇਡੀਓ-ਐਕਟਿਵ ਖਣਿਜ ਪਦਾਰਥ (ਖਾਸ ਕਰ ਯੂਰੇਨੀਅਮ-238 ਅਤੇ ਥੋਰੀਅਮ -232 ਆਦਿ) ਤੇ ਕਾਸਮਿਕ ਕਿਰਨਾਂ ਸਾਡੇ ਵਾਯੂਮੰਡਲ ਵਿਚ ਰੇਡੀਓ-ਐਕਟਿਵ ਪ੍ਰਦੂਸ਼ਣ ਪੈਦਾ ਕਰਨ ਵਾਲੇ ਕੁਦਰਤੀ ਸਰੋਤ ਹਨ।

ਹਵਾ-ਪ੍ਰਦੂਸ਼ਣ ਦੇ ਮਨੁੱਖ ਨਿਰਮਾਣਿਤ ਸਰੋਤਾਂ ਵਿਚ ਕਾਰਖਾਨਿਆਂ ਤੋਂ ਨਿਕਲ ਰਹੀਆਂ ਜ਼ਹਿਰੀਲੀਆਂ ਗੈਸਾਂ ਤੇ ਧੂੰਆਂ ਪ੍ਰਮੁੱਖ ਹੈ। ਇਨ੍ਹਾਂ ਪ੍ਰਦੂਸ਼ਣ-ਕਰਤਾ ਪਦਾਰਥਾਂ ਵਿਚ ਕਾਰਬਨ ਮੋਨੋਆਕਸਾਈਡ, ਹਾਈਡਰੋਜਨ ਸਲਫਾਈਡ, ਹਾਈਡਰੋਕਾਰਬਨ, ਨਾਈਟਰੋਜਨ ਦੇ ਆਕਸਾਈਡ, ਓਜ਼ੋਨ ਤੇ ਹੋਰ ਗੈਸੀ ਪਦਾਰਥ ਮੁੱਖ ਹਨ। ਆਵਾਜਾਈ ਸਾਧਨਾਂ ਖਾਸ ਕਰ ਬੱਸਾਂ ਟਰੱਕਾਂ, ਕਾਰਾਂ, ਟੈਂਪੂਆਂ, ਸਕੂਟਰਾਂ ਅਤੇ ਮੋਟਰ ਸਾਈਕਲਾਂ ਤੋਂ ਨਿਕਲਿਆਂ ਧੂੰਆਂ ਤੇ ਗੈਸੀ ਨਿਕਾਸ ਵੀ ਹਵਾ-ਪ੍ਰਦੂਸ਼ਣ ਦੀ ਮਾਤਰਾ ਵਿਚ ਵੱਡਾ ਵਾਧਾ ਕਰਦੇ ਹਨ। ਵਾਹਨਾਂ ਵਿਚੋਂ ਨਿਕਲਦੇ ਗੈਸੀ ਨਿਕਾਸ ਵਿਚ ਸਲਫਰਡਾਈਆਕਸਾਈਡ, ਨਾਈਟਰੱਸ ਆਕਸਾਈਡ, ਕਾਰਬਨਮੋਨੋਆਕਸਾਈਡ ਤੇ ਹਾਈਡਰੋਕਾਰਬਨ ਪਦਾਰਥਾਂ ਦੇ ਅੰਸ਼ ਮੌਜੂਦ ਹੁੰਦੇ ਹਨ। ਘਰਾਂ ਥਰਮਲ ਪਲਾਂਟਾਂ ਤੇ ਕਾਰਖਾਨਿਆਂ ਵਿਚ ਕੋਲਾ, ਤੇਲ ਤੇ ਗੈਸ ਆਦਿ ਦੇ ਬਲਣ ਕਾਰਜਾਂ ਤੋਂ ਹਵਾ ਵਿਚ ਸਲਫਰਡਾਈਆਕਸਾਈਡ ਗੈਸ ਤੇ ਗੰਧਕ ਦੇ ਆਕਸਾਈਡ ਵੱਡੇ ਪੈਮਾਨੇ ਉੱਤੇ ਪਹੁੰਚ ਜਾਂਦੇ ਹਨ ਤੇ ਹਵਾ ਦੀ ਸਵੱਛਤਾ ਨੂੰ ਖਰਾਬ ਕਰ ਦਿੰਦੇ ਹਨ।

ਨਿਊਕਲੀ ਬੰਬ ਧਮਾਕਿਆਂ, ਨਿਊਕਲੀ ਤਜ਼ਰਬਿਆਂ, ਰੇਡੀਓਆਈਸੋਟੋਪਾਂ ਤੇ ਫਾਲਤੂ ਰੇਡੀਓ ਐਕਟਿਵ-ਪਦਾਰਥਾਂ ਤੋਂ ਨਿਕਲਿਆ ਕਿਰਨ-ਸੰਚਾਰ ਤੇ ਨਿਊਕਲੀ-ਕਣ ਵੀ ਹਵਾ ਪ੍ਰਦੂਸ਼ਣ ਦੇ ਮਨੁੱਖ ਨਿਰਮਾਣਿਤ ਸਰੋਤਾਂ ਵਿਚ ਹੀ ਸ਼ਾਮਿਲ ਹਨ।


## ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਕਾਵਿ-ਕਿਆਰੀ

**ਲ਼ਫ਼ਜ਼ਾਂ ਦੀ ਲੋਏ-ਲੋਏ/ਹਰਬਖ਼ਸ਼ ਸਿੰਘ ਟਾਹਲੀ**

**ਵਿਛੋੜਾ**



ਜਿਹੜਾ ਕਦੇ ਨਾ ਰੋਵੇ ਉਹ ਵਿਛੋੜੇ ਵਿਚ ਰੋਂਦਾ ਹੈ
ਜਿਸ ਨੇ ਵਿਛੋੜਾ ਨਹੀਂ ਹੰਢਾਇਆ ਉਸਨੂੰ ਕੀ ਪਤਾ
'ਸੱਜਣਾਂ ਦਾ ਪਿਆਰ ਕਿੰਨਾ ਪਿਆਰਾ ਹੁੰਦਾ ਹੈ'।
ਵਿਛੜੇ ਪਿਆਰ ਅਸਰਕਰਦੇ ਹਨ ਦਿਲ ਉੱਤੇ,
ਅਤੇ ਹਲੂਣ ਦਿੰਦੇ ਹਨ ਚੇਤਨਾ ਨੂੰ
ਵਿਛੜੇ ਪਿਆਰ ਬਦਲ ਦਿੰਦੇ ਨੇ ਮਨੁੱਖੀ ਸੋਚ ਨੂੰ
ਅਤੇ ਸੱਚ ਦੀ ਪਹਿਚਾਣ ਉੱਤੇ ਸਹੀ ਪਾਉਂਦੇ ਹਨ।
ਪਿਆਰ ਵਿਚ ਮਾਰੀਆਂ ਭੁੱਬਾਂ ਧੋਂਦੀਆਂ ਹਨ ਜਨਮਾਂ ਦੀ ਮੈਲ।
ਫਿਰ ਪਿਆਰ ਦੀ ਅੱਖ ਵਿਚੋਂ ਹੁੰਦੇ ਹਨ
'ਤ੍ਰੈਕਾਲ ਦੇ ਦਰਸ਼ਨ' ਅਤੇ ਅਨੁਭਵਤਾ ਦੇ ਖੁਲ੍ਹਦੇ ਹਨ ਦੁਆਰ
ਤੇ ਫਿਰ ਉਹ ਪਿਆਰ ਰੋਮ-ਰੋਮ ਵਿਚ ਸਮਾ ਜਾਂਦਾ ਹੈ।
ਤੇ ਫਿਰ ਉਸ ਪਿਆਰ ਦੇ ਦਰਸ਼ਨ ਜ਼ੱਰੇ ਜ਼ੱਰੇ ਵਿਚੋਂ ਹੋ ਜਾਂਦੇ ਹਨ।
ਪਿਆਰ ਨਿੱਜੀ ਤੋਂ ਸਰਵਗਤਾ ਦਾ ਸਫ਼ਰ ਸ਼ੁਰੂ ਕਰਦਾ ਹੈ
ਅਤੇ ਆਸ਼ਕ ਨੂੰ ਸੱਚ ਦੀ ਦਰਗਾਹ ਵਿਚ ਜਾ ਸੁੱਟਦਾ ਹੈ।
ਜਿਹੜਾ ਪਿਆਰ ਸਰਵਗਤਾ ਦਾ ਸਫ਼ਰ ਸ਼ੁਰੂ ਨਹੀਂ ਕਰਦਾ
ਉਸ ਦੀ ਮੰਜ਼ਿਲ ਦਾ ਇਕ ਸਿਰਾ ਚਾਨਣ ਵਿਚ
ਅਤੇ ਦੂਜਾ ਸਿਰਾ ਅੰਧੇਰੇ ਵਿਚ ਹੁੰਦਾ ਹੈ।

*****



## ਸੰਤ ਮੁਰਾਲੇ ਵਾਲੇ

ਰੱਬੀ ਸੋਚ ਮੁਰਾਲੇ ਵਾਲੇ ਦੀ
ਆ ਕੇ ਬੈਠ ਗਏ ਬੇਗੋਵਾਲ
ਹੋ ਜਾਏ ਇਕੱਠੀ ਬਰਾਦਰੀ ਸਾਰੀ
ਬਾਬੇ ਕਿਹਾ ਸਭ ਨੂੰ ਪੁਕਾਰ
ਦੇਖੋ ਨਾ ਇਲਾਕਾ ਜਾਂ ਕੱਲਰ ਜ਼ਮੀਨਾਂ
ਆਖੇ ਬਾਬਾ ਕੋਲ ਬੈਠਾਲ
ਲੱਗਣਗੀਆਂ ਰੌਣਕਾਂ, ਦੌੜਨਗੀਆਂ ਕਾਰਾਂ
ਦੁਨੀਆਂ ਦੇਵੇਗੀ ਮਿਸਾਲ
ਸਕੂਲ ਕਾਲਜ ਵਿੱਦਿਆ ਲਈ ਖੋਲੇ
ਕਰੋ ਪੜ੍ਹਾਈਆਂ ਤੇ ਹੋ ਜਾਓ ਤਿਆਰ
ਪੜ੍ਹ ਕੇ ਵਿੱਦਿਆ ਬਣੋਗੇ ਅਫਸਰ
ਕਰੋਗੇ ਚੌਧਰ ਵਿਚ ਸਰਕਾਰ
ਛੱਡ ਦੇਵੋ ਲਾਹਨਤ ਦਾਜ ਲੈਣ ਦੀ
ਬਾਬਾ ਆਖੇ ਸੋਚ-ਵਿਚਾਰ
ਨੂੰਹਾਂ ਨੂੰ ਧੀਆਂ ਆਪਣੀਆਂ ਜਾਣੋ
ਕਰਾਉਣਾ ਚਾਹੁੰਦੇ ਜੇ ਸਤਿਕਾਰ
ਕਰਨ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਦਾ
ਜੁੜੋ ਬਾਣੀ ਨਾਲ ਸੰਗਤ ਨੂੰ ਦੱਸਣ
ਸੰਤ-ਸਿਪਾਹੀ ਬਾਬਾ ਜੀ ਸਨ ਪੂਰੇ
ਨਾਲ ਗਾਤਰੇ ਰਿਵਾਲਵਰ ਰੱਖਣ
ਬ੍ਰਹਮ ਗਿਆਨੀ ਬਾਬਾ ਜੀ ਸਨ ਪੂਰੇ
ਇਹ ਗੱਲ ਜਾਣੇ ਸਾਰਾ ਸੰਸਾਰ
ਭਗਤੀ-ਸ਼ਕਤੀ ਚੱਲਣ ਜੇ ਇਕੱਠੀਆਂ
ਧਰਮ ਦਾ ਹੁੰਦਾ ਤਾਂ ਪ੍ਰਚਾਰ
ਛੱਡਿਓ ਨਾ ਕਦੇ ਪੱਲਾ ਗੁਰੂ ਦਾ
ਜੁੜੇ ਰਹਿਓ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ
ਕਰੋਗੇ ਤਰੱਕੀਆਂ ਤੇ ਮਾਣੋਗੇ ਮੌਜਾਂ
ਹੁੰਦੀ ਰਹੇਗੀ ਤੁਹਾਡੀ ਜੈ-ਜੈ ਕਾਰ
ਲਾ ਕੇ ਮੇਲੇ ਤੇ ਮਨਾ ਕੇ ਬਰਸੀਆਂ
ਧੂੰਮਾਂ ਪਾਈਆਂ ਵਿਚ ਪ੍ਰਦੇਸਾਂ
ਕਹਿੰਦਾ ਸੁਭਾਨਪੁਰੀ ਭੁੱਲ ਨਾ ਜਾਣਾ
ਸੰਤ ਪ੍ਰੇਮ ਸਿੰਘ ਜੀ ਦੀਆਂ ਉਪਦੇਸ਼ਾਂ

**-ਰਘਬੀਰ ਸਿੰਘ ਸੁਭਾਨਪੁਰ**

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

## ਸਿਹਤ ਸੰਭਾਲ

# ਸਾਡੀ ਖੁਰਾਕ ਦੇ ਕੈਂਸਰ ਨਾਲ ਸੰਬੰਧ

**ਵੈਦ ਮੇਘਨਾਥ ਜੀ**

ਦੁਨੀਆਂ ਵਿਚ ਅੱਜਕੱਲ੍ਹ ਤੰਦਰੁਸਤੀ ਬਾਰੇ ਚਿੰਤਾ ਵਧ ਰਹੀ ਹੈ। ਇਸ ਲਈ ਨਿੱਤ ਨਵੀਆਂ ਖੋਜਾਂ ਹੋ ਰਹੀਆਂ ਹਨ। ਕੀ ਖਾਣਾ ਚਾਹੀਦਾ ਹੈ ਤੇ ਕੀ ਨਹੀਂ ਖਾਣਾ ਚਾਹੀਦਾ। ਜ਼ਿਆਦਾ ਚਿਕਨੇ ਭੋਜਨ, ਮਾਸ, ਧੂਮਰਪਾਨ (ਸਿਗਰਟ ਬੀੜੀਆਂ) ਜਾਂ ਚਰਬੀ, ਵਸਾ, ਮਾਸ, ਭੋਜਨ ਸਰੀਰ ਵਿਚ ਕੀ ਰੋਗ ਪੈਦਾ ਕਰ ਸਕਦਾ ਹੈ? ਕਿਤਨਾ ਖਾਣਾ ਚਾਹੀਦਾ ਹੈ? ਹੁਣ ਤੱਕ ਦੱਸਿਆ ਗਿਆ ਹੈ ਕਿ ਮਾਸਾਹਾਰੀ ਭੋਜਨ, ਜ਼ਿਆਦਾ ਨਮਕ, ਚੀਨੀ, ਤੰਦਰੁਸਤੀ ਲਈ ਅਤਿਅੰਤ ਹਾਨੀਕਾਰਕ ਹੈ।

ਇਹ ਵੀ ਖੋਜ ਕੀਤੀ ਜਾ ਰਹੀ ਹੈ ਕਿ ਕਿਸ ਚੀਜ਼ ਤੋਂ ਕੈਂਸਰ ਹੋ ਸਕਦਾ ਹੈ ਕਿਸ ਚੀਜ਼ ਤੋਂ ਨਹੀਂ। ਇਸ ਤਰ੍ਹਾਂ ਹੋਰ ਰੋਗਾਂ ਬਾਰੇ ਵੀ ਹੈ। ਆਯੁਰਵੈਦ ਖੋਜ ਅਨੁਸਾਰ ਗਾਜਰ, ਟਮਾਟਰ ਅਤੇ ਸੰਤਰਾ ਖਾਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਅਤੇ ਕੈਂਸਰ ਵੀ ਨਹੀਂ ਹੁੰਦਾ। ਛਾਤੀ ਦਾ ਕੈਂਸਰ ਉਨ੍ਹਾਂ ਨੂੰ ਹੁੰਦਾ ਹੈ ਜੋ ਜ਼ਿਆਦਾ ਚਿਕਨਾਈ ਵਾਲੇ ਭੋਜਨ ਖਾਂਦੇ ਹਨ। ਪਿਛਲੇ ਲੇਖ ਵਿਚ ਇਹ ਵੀ ਲਿਖਿਆ ਹੈ ਕਿ ਮਾਸਾਹਾਰੀ ਭੋਜਨ ਕਰਨ ਵਾਲੇ ਦੇ ਸਰੀਰ ਤੇ 50 ਕਿਸਮ ਦੇ ਰੋਗ ਧਾਵਾ ਬੋਲਦੇ ਹਨ। ਮਾਸਾਹਾਰੀ, ਚਿਕਨੇ ਪਦਾਰਥ ਜਾਂ ਤਲੇ ਪਦਾਰਥਾਂ ਦੀ ਵਰਤੋਂ ਨਾ ਕਰਨ ਨਾਲ ਸਰੀਰ ਵਿਚ ਰਸੌਲੀਆਂ ਦਾ ਬਣਨਾ ਘੱਟ ਹੋ ਜਾਂਦਾ ਹੈ। ਜ਼ਿਆਦਾ ਲਾਲ ਮਿਰਚ, ਮਸਾਲੇ, ਧੂੰਏਂ ਵਿਚ ਭੋਜਨ ਪਕਾਉਣ ਨਾਲ ਕੈਂਸਰ ਵਾਲੇ ਦੋਸ਼ ਪੈਦਾ ਹੋ ਜਾਂਦੇ ਹਨ। ਗਾਜਰ, ਖੀਰਾ, ਟਮਾਟਰ, ਸ਼ਕਰਕੰਦ ਆਦਿ ਪਦਾਰਥ ਸਿਹਤ ਲਈ ਲਾਭਕਾਰੀ ਹਨ।

ਅੱਜਕੱਲ੍ਹ ਅਸਾਧ ਅਰਬੁਦ (ਰਸੌਲੀ) ਨੂੰ ਕੈਂਸਰ ਰੋਗ ਕਿਹਾ ਜਾਂਦਾ ਹੈ, ਨਵੀਨ ਚਿਕਿਤਸਾ ਵਿਗਿਆਨੀਆਂ ਅਨੁਸਾਰ ਸਭ ਤਰ੍ਹਾਂ ਦੀਆਂ ਘਾਤਕ ਅਰਬੁਦ (ਰਸੌਲੀ) ਲਈ ਕੈਂਸਰ ਸ਼ਬਦ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਰੋਗ ਦੀ ਚਿਕਿਤਸਾ ਅਤੇ ਰੋਕਥਾਮ ਆਯੁਰਵੈਦਿਕ ਚਿਕਿਤਸਾ ਵਿਚ ਸੰਭਵ ਹੈ। ਇਸ ਲਈ ਆਯੁਰਵੈਦਿਕ ਚਿਕਿਤਸਾ ਦਾ ਕਹਿਣਾ ਹੈ ਲੋਕਾਂ ਨੂੰ ਸ਼ਾਕਾਹਾਰੀ ਭੋਜਨ ਦਾ ਸੇਵਨ ਕਰਨਾ ਚਾਹੀਦਾ ਹੈ, ਦੇਸੀ ਘਿਉ, ਗਊਆਂ ਦਾ ਦੁੱਧ, ਗਾਜਰ ਦਾ ਜੂਸ, ਠੰਢੀ ਹਵਾ 'ਚ ਤੁਰਨਾ ਫਿਰਨਾ, ਮੋਟੇ ਆਟੇ ਦੀ ਰੋਟੀ, ਚੌਲ ਆਦਿ, ਸ਼ਬਦ ਕੀਰਤਨ ਸੁਣਨਾ ਵੀ ਅਤਿਅੰਤ ਲਾਭਕਾਰੀ ਹੈ। ਸਰਕਾਰ ਨੂੰ ਇਸ ਭਿਆਨਕ ਰੋਗ ਦੀ ਰੋਕਥਾਮ ਲਈ ਚਿਕਿਤਸਾ ਲਈ ਆਯੁਰਵੈਦਿਕ ਪ੍ਰਣਾਲੀ ਦੇ ਉੱਚ ਅਧਿਕਾਰੀਆਂ ਨੂੰ ਮਿਲ ਕੇ ਇਸ ਬਿਮਾਰੀ ਦੀ ਰੋਕਥਾਮ ਦਾ ਉਪਰਾਲਾ ਕਰਨਾ ਚਾਹੀਦਾ ਹੈ। ਤੁਲਸੀ, ਗੁਲਾਬ, ਗਿਲੋ, ਪੁਦੀਨਾ ਹਰ ਘਰ ਵਿਚ ਲਾਉਣਾ ਲਾਭਕਾਰੀ ਹੈ, ਅਨੇਕਾਂ ਰੋਗਾਂ ਤੋਂ ਬਚਾਉ ਕਰਦਾ ਹੈ, ਨਿੰਮ ਦੇ ਬ੍ਰਿਛ ਪਿੰਡਾਂ ਅਤੇ ਸ਼ਹਿਰਾਂ ਵਿਚ ਵਧੇਰੇ ਲਗਾਉਣੇ ਚਾਹੀਦੇ ਹਨ। ਹਵਾ ਵਿਚ ਸ਼ੁੱਧ ਵਾਯੂ ਪੈਦਾ ਕਰਕੇ ਛੂਤ ਦੇ ਰੋਗ, ਕੁਸ਼ਟ, ਕੈਂਸਰ ਜੈਸੇ ਭਿਆਨਕ ਰੋਗਾਂ ਤੋਂ ਬਚਾਓ ਰਹਿੰਦਾ ਹੈ। ਹਫ਼ਤੇ ਵਿਚ ਇਕ ਦਿਨ ਦਾ ਉਪਵਾਸ (ਵਰਤ) ਰੱਖਣ ਨਾਲ ਕੈਂਸਰ ਅਤੇ ਹੋਰ ਰੋਗਾਂ ਤੋਂ ਬਚਾਓ ਰਹਿੰਦਾ ਹੈ।

## ਸ਼ਬਦਾਂ ਦੇ ਸੰਜੋਗ

* ਅੱਜਕੱਲ੍ਹ ਬਹੁਤੇ ਕਥਾਵਾਚਕ ਬੀਤੇ ਦੇ ਇਤਿਹਾਸ ਨੂੰ ਕਹਾਣੀਆਂ ਬਣਾ ਕੇ ਆਪਣੇ-ਆਪਣੇ ਢੰਗ ਨਾਲ ਸਟੇਜ਼ਾਂ 'ਤੇ ਬੋਲਣ ਲੱਗ ਪਏ ਹਨ।
* ਮਰ ਗਿਆਂ ਦੇ ਨਮਿਤ ਰੱਖੇ ਅਖੰਡ ਪਾਠ ਪਤਾ ਨਹੀਂ ਉਨ੍ਹਾਂ ਨੂੰ ਲੱਗਦੇ ਹਨ ਕਿ ਨਹੀਂ ਲੱਗਦੇ ਪਰ ਜੇ ਤੁਸੀਂ ਉਸ ਅਖੰਡ ਪਾਠ ਨੂੰ ਧਿਆਨ ਨਾਲ ਸੁਣ ਲਓ ਤਾਂ ਤੁਹਾਡੀ ਕਾਇਆ ਕਲਪ ਜ਼ਰੂਰ ਹੋ ਸਕਦੀ ਹੈ।
* ਬਹੁਤੇ ਡੇਰੇਦਾਰ ਬੜੀ ਚਲਾਕੀ ਨਾਲ ਗੁਰੂ ਨਾਨਕ ਸਾਹਿਬ ਦੀ ਗੱਲ ਕਰਦੇ ਹਨ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਦੇ ਬਿਪਰੀਤ ਜ਼ਿੰਦਗੀ ਗੁਜ਼ਾਰਦੇ ਹਨ।
* ਪਦਾਰਥ ਨੂੰ ਮੰਨਣ ਵਾਲੇ ਲੋਕ ਪਦਾਰਥ ਵਿਚੋਂ ਰੱਬ ਲੱਭਦੇ ਹਨ ਅਤੇ ਲੱਭਦੇ-ਲੱਭਦੇ ਮਰ ਖਪ ਜਾਂਦੇ ਹਨ।
* ਧਰਮ ਇੱਟਾਂ ਪੱਥਰਾਂ ਅਤੇ ਸੰਗਮਰਮਰ ਨਾਲ ਬਣਾਏ ਮੰਦਰਾਂ, ਗਿਰਜਿਆਂ ਤੇ ਗੁਰਦੁਆਰਿਆਂ ਵਿਚੋਂ ਨਹੀਂ, ਇਹ ਦਇਆ, ਪਿਆਰ, ਇਮਾਨਦਾਰੀ ਤੇ ਸ਼ਾਂਤੀ ਵਿਚੋਂ ਉੱਠੀ ਸਦਭਾਵਨਾ ਵਿਚੋਂ ਪ੍ਰਾਪਤ ਹੁੰਦਾ ਹੈ।
* ਆਸਥਾ ਬਰਬਾਦੀ ਦਾ ਛੁਪਿਆ ਹੋਇਆ ਨਾਮ ਹੈ ਕਿਉਂਕਿ ਆਸਥਾ ਕਿਸੇ ਹੋਰ ਵੱਲੋਂ ਦਰਸਾਇਆ ਗਿਆ ਉਹ ਕੱਚਾ ਮਾਰਗ ਹੁੰਦਾ ਹੈ, ਜਿਸ ਬਾਰੇ ਉਸ ਨੂੰ ਖੁਦ ਨੂੰ ਵੀ ਪਤਾ ਨਹੀਂ ਹੁੰਦਾ।
* ਜਿਹੜਾ ਪਹਾੜਾਂ ਵਿਚੋਂ ਰੱਬ ਲੱਭਣ ਲਈ ਪੱਥਰਾਂ ਨਾਲ ਟੱਕਰਾਂ ਮਾਰਦਾ ਹੈ ਕਿਤੇ ਇਹ ਉਹੋ ਹੀ ਤੇ ਨਹੀਂ ਜਿਸ ਨੂੰ ਉਹ ਲੱਭਦਾ ਫਿਰਦਾ ਹੈ।
* ਸ਼ੱਕ ਤੋਂ ਗੱਲ ਦੀ ਸ਼ੁਰੂਆਤ ਕਰੋਗੇ ਤਾਂ ਅਸਲੀਅਤ ਨੂੰ ਜਾਣ ਜਾਵੋਗੇ। ਅੰਨ੍ਹਾ ਵਿਸ਼ਵਾਸ ਕਰੋਗੇ ਤਾਂ ਅਸਲੀਅਤ ਦਾ ਕਦੇ ਪਤਾ ਨਹੀਂ ਪਾਵੋਗੇ।
* ਸਖ਼ਤ ਅਤੇ ਕਠੋਰ ਆਦਮੀ ਹਮੇਸ਼ਾ ਤਰਕ ਨਾਲ ਜਿਊਂਦਾ ਹੈ ਜਦੋਂ ਕਿ ਕੋਮਲ ਤੇ ਹੁਨਰਵੰਦ ਲੋਕ ਅਹਿਸਾਸ ਨਾਲ ਜਿਊਂਦੇ ਹਨ ਪਰ ਤਰਕ ਅਤੇ ਅਹਿਸਾਸ ਦੀ ਲੜਾਈ ਵਿਚ ਹਮੇਸ਼ਾ ਅਹਿਸਾਸ ਜਿੱਤ ਜਾਂਦਾ ਹੈ।

**ਹਰਬਖ਼ਸ਼ ਸਿੰਘ ਟਾਹਲੀ**

# CIVIC SENCE & SENSIBILITY

"HE LONGED FOR CLEANLINESS AND TIDINESS: IT WAS HARD TO FIND PEACE IN THE MIDDLE OF DISORDER" [ROBIN HOBB]

WE ALL ARE RESPONSIBLE FOR THE ENVIRONMENT THAT WE IN HABIT AND THAT THE GOVERNMENT AGENCIES ARE JUST THE MEANS TO ASSIST US IN EXECUTING THAT RESPONSIBILITY. HERE ARE FEW POINTS TO HELP US IDENTIFY AND ADDRESS OUR SENSE OF CIVILITY TOWARDS OUR ENVIRONMENT.

**1. KEEP IT PERSONAL :-** SPITTING, URINATION AND DEFECATING IN PUBLIC PLACES ARE A BIG NO. THESE ARE THE BEST DONE IN THE PRIVACY OF OUR BATH ROOMS. BESIDES THE FACT THAT IT IS SHAMELESS TO DOING SO. IT ALSO POLLUTES THE ENVIRONMENT. DON'T WE THINK THAT OUR CITIES WILL SOON RESEMBLE A HUGE GARBAGE DUMP? AND IF WE DON'T TAKE ACTION IN OUR OWN INDIVIDUAL WAY. PLEASE DON'T LITTER STREETS, CINEMAS, OUR SEAFRONT AND BEACHES, PLACES OF WORSHIP-----LITTER HAS A PLACE OF ITS OWN AND IT IS CALLED THE DUSTBIN.


ਹਰਪ੍ਰੀਤ ਕੌਰ ਪੇਲੀਆ
ਜਨਰਲ ਸਕੱਤਰ
98763-58250




**2. ROAD SENCE :-** APART FROM THAT, IT HAS BECOME A MENACE TO WALK ON OUR ROADS TODAY BECAUSE WHEN WE DO, HOW MANY OF US DO SO WITHOUT RISKING OUR LIVES AS WELL AS THE LIVES OF THE DRIVERS OF AUTOMOBILES? WE CAN CONTINUE TO BLAME DRIVING AND DRIVERS, BUT AS A PEDESTRIANS WE ALSO CARRY RESPONSIBILITY TO WALK ON FOOTPATH AND CHECK FOR TRAFFIC BEFORE WE CROSS. MAINTAIN DRIVING LANES AND NOT DRIVING ON THE OPPOSITE SIDE OF THE ROAD OR IN THE MIDDLE NOT HONKING RELENTLESSLY. PARKING CLOSE ENOUGH TO THE CLUB AND NOT IN A WAY THAT CAUSES TRAFFIC JAMS AND NOT STOPPING IN THE MIDDLE OF THE ROAD TO GET IN AND OUT THE AUTOMOBILES.

**3. CHIVALRY IS COOL :-** CHIVALRY AND SENSITIVITY CAN COME IN THE FORM OF ASSISTING OLD PEOPLE, CHILDREN AND WOMEN WHEREVER AND WHENEVER REQUIRED WHILE CROSSING THE STREETS AT PAYMENT BOOTHS IN PUBLIC TRANSPORT AND AT THE PLACES OF LEISURE AND ENTERTAINMENT. OFFER THEM YOUR SEATS, HELP TO CARRY THEIR BAGS IF THEY HAVE ANY. ALL THING GOES A LONG WAY IN DEFINING THE FABRIC OF OUR PEOPLE.

**4. SOUND CHECK :-** VOLUME CONTROL IS ANOTHER MENACE AND WORLD HEALTH BODIES ARE NOW STUDYING THIS AS A FORM OF POLLUTANT. SO DON'T HAVE UNNECESSARILY. PLEASE SPEAK SOFTLY OVER THE TELEPHONE ESPECIALLY WHEN YOU HAVE COMPANY AND AT PUBLIC PLACES, AND KEEP THE VOLUME OF THE MUSIC IN YOUR CAR, HOME, RESTAURANTS AND BARS TO AUDIBLE LEVEL. THERE IS A REASON THE MOBILE PHONE WAS INVENTED PLEASE CARRY THE INSTRUMENT WHEN YOU LEAVE YOU WORKSTATION OR KEEP IT ON SILENT. WHEN YOUR NEED TO STEP OUT FOR A BREAK. IT IS VERY ANNOYING FOR CO-WORKERS TO HAVE LISTEN YOUR FAVORITE RING TONE A POPULAR HIT SONG OR THE GOO-GOO SOUNDS OF YOUR ONE YEAR OLD.

**5. BE ON TIME :-** A SENSE OF CONSIDERATION ALSO APPLIED TO TIME. IT IS IMPORTANT TO KEEP THE ASSIGNED TIME FOR ALL ACTIVITIES FOR PERSONAL AND PROFESSIONAL MEETING FOR DELIVERY OF SERVICE FOR COMPLETION OF ASSIGNMENTS.

EVERY RESPONSIBLE AND CONSIDERATE CITIZEN OF OUR COUNTRY MUST ALSO DELIVER THIS SENSE OF DISCIPLINE TO THEIR DOMESTIC AND PROFESSIONAL SUPERIOR STAFF THE HOUSE HELP, COOKS, CHEFS AT EATERIES,DELIVERS ERRAND BOYS, DELIVERY BOYS. WE NEED TO DO THIS TOGETHER TIP THEM WELL, AND DO NOT DENY THEM THEIR QUARTERS OF ANNUAL PAID LEAVE.

**ALWAYS REMEMBER:**

1. DO NOT LITTER ANYWHERE CARRY A SMALL PLASTIC BAG WITH YOU AT ALL TIMES AND PUT YOUR WASTE IN IT. ONCE YOU REACH HOME YOU CAN DISPOSE OF IT.

2. OBSERVE LANE RULE WHILE DRIVING SO YOU DON'T CAUSE ACCIDENTS AND ENDANGER LIVES.

3. IT'S BEST TO REACH ANY PLACE BEFORE TIME. KEEP THE TRAFFIC SITUATION IN YOUR CITY IN MIND BEFORE YOU LEAVE HOME.

# Career After +2



ਇੰਜੀਨੀਅਰ ਪਰਮਿੰਦਰਜੀਤ ਸਿੰਘ/ 99153-57524

**CAREERS IN FORENSIC SCIENCE**

In detective movies and spy thrillers we find how investigators look for clues to find out who has committed the crime. They also explore the trail which could lead to the criminals. Such investigators make comprehensive use of forensic science to find out the facts and to draw their conclusions. From this we can see how important is the subject of Forensic Science. Simply put Forensic Science is the application of various disciplines of science such as physics, chemistry, biology, computer science and engineering to matters of law. Forensic science plays a significant role in the criminal justice system by providing scientifically based information through the analysis of physical evidence. During an investigation, evidence is collected from a crime scene or from a person, analysed in a crime laboratory after which the results are presented for convicting the criminals and dispense justice. It is easy to understand that each crime scene unique, and each case presents its own challenges. Those who find this description interesting and are keen to meet such channenges, may think of a career in forensic science. Forensic science can be a powerful force in support of justice and public safety. Properly applied, it clears the innocent and helps convict the guilty. The job of a Forensic scientist is to help collect, preserve, and examine physical evidence during the course of an investigation.

The subject can be divided into three categories. The first one is Forensic Medicine which includes forensic pathology, psychiatry, psychology, and odontology.

Next comes Laboratory sciences consisting of chemistry, biology, toxicology, ballistics, fingerprints, targeted documents and impressions. The last one is Field sciences comprising of crime scene investigation which inter alla includes investigating cases of fire and explosion and also places where drugs are made and circulated.

Topics covered under forensic science include Suspect Detection System, Brain Electrical Oscillation, Signature Profiling, Narcoanalysis, Polygraph Examination, Audio Video Tape Authentication System, Hand-writing analysis, among others. Forensic science is a comprehensive subject in itself and has multiple branches and specializations. Some of these are briefly described below :

**FORENSIC SEROLOGY -** This branch of foransics deals with examining physical evidences submitted in various crimes such as homicides, physical assaults, burglaries, robberies etc.

**FORENSIC PSYCHIATRY -** Phychiatry is a subject related to mental health of human beings. When a person commits crime it also reflects the mental state of the person. Forensic science integrates past observations in clinical experience and researches in neurosciences to understand the human aspect of criminal incidents.

**FORENSIC ENGINEERING -** Forensic Engineering examines intricacies of road accidents, fire accidents and other cases of injuries which need detailed investigation.

**FORENSIC ARCHITECTURE -** Forensic architects design mortuaries and forensic science institutes. This is a combination of architecture and forensics.

**FORENSIC LABORATORY ANALYSIS -** The job of analysis working in this area is to conduct DNA testing including micro analysis of blood etc. to bring out facts related to crime.

**FORENSIC PATHOLOGY -** Conducting post-mortems to find out the cause, time and manner of injury of death comes under this branch.

**FORENSIC VETERINARY SCIENCE -** Conducting autopsies of animals investigating unwarranted deaths of animals are major activities under this branch.

**FORENSIC TOXICOLOGY -** This mainly deals with investigating nature and uses of chemicals poison etc. in crimes and also examining adverse effects of chemicals on human beings and other living organisms.

**WILDLIFE FORENSICS -** As the name suggests this branch is associated with animals and wildlife. In many cases animal skins, elephant tusks fetch a high price due to which criminate are involved in killing animals and also in smuggling of animal skins, tusks etc. Wildlife forensics helps in investigation of time and situations of crime, to help nab the criminals and to curb illegal trafficking of protected animals.

**FORENSIC ODONTOLOGY -** Forensic Odontology is meant to understand dental structures to explain injuries and death associated with crimes in which assault has occurred on face, teeth etc. resulting in injury or death.

**FORENSIC SPEECH SCIENCE :** This deal with voice recording and analysing voice samples using technological fools with the purpose of identifying the speaker. Voice recordings are considered as evidence in the court of law and may proveto be of crucial help in exploring evidences of crimes.

**STUDY OF FORENSIC SCIENCE :** As an independent subject, study of Forensic Science is offered at graduation level. A number of institutes, both universities and colleges, in the country run a 0.Sc. course in Forensic Science. A postgraduate qualification is more desirable to become a professional in the area and for better career prospects. For a B.Sc. course in Forensic Science one should have studied science at 10+2 level. For a Masters degree in forensic science all science graduates are eligible. Few universities conduct their own entrance test for entry to postgraduate courses. Others offer admission on the basis of marks obtained in graduation.

Those with a degree in medicine (MBBS) may also pursue certain specializations in Forensic Science.

**INSTITUTES OFFERING COURSES IN FORENSIC SCIENCE AND ALLIED SUBJECTS**

Considering the importance of curbing crimes and bringing criminals to book, Government of India has estabilished Loknayak Jayprakash Narayan National (LNJN) Institute of Criminology and Forensic Science at New Delhi. The institute in affiliation with Guru Gobind Singh Indraprasth University runs postgraduate courses as MA in Criminology and MA in Forensic Science. For the first course graduates from all disciplines are eligible. The other course is open to science graduates only.

The Institute has come out with another scheme of conducting a Forensic Science Aptitude and Cabibre Test. Persons having postgraduate qualification in specified disciplines of science are considered eligible to write the test. This is described to be a screening test on the pattern of UGC-NET/GATE etc.

Gujarat Forensic Science University (GFSU) at Ahmedabad is another premium institute in the area of forensic science and related subjects.

**SOME OF ITS COURSES ARE -**

M.Sc. Forensic Science

M.Sc. Digital Forensics and information security

MBA Finance with specialization in Forensic Accounting

M.Sc Forensic Odontology

PG Diploma in Forensic Management

PG Diploma in Fingerprint Science

PG Diploma in Forensic Toxicology

PG Diploma in Forensic Accounting

Post Basic Diploma in Forensic Nursing

GFSU also has a number of online e courses viz. Certified Fraud Examination Professional, Certified Electronic Evidence Examiner Certificate Diploma in Computer Forensics. Information security related e course are titled as Certified Information Security

Professional, Indian Banks Association (IBA)/Reserve Bank of India (RBI) Approved Certified Information Security Professional Course and Certificate Diploma in Cyber Security, The university has doctoral and fellowship courses as well.

Raksha Shakti University at Ahmedabad was established by Government of Gujarat and offers M.Sc. and M.Phil. courses in Forensic Science, Postgraduate Diploma in Cyber Security & Syber Forensics.

Institute of Forensic Science at Mumbai has B.Sc. and M.Sc. courses in Forensic Sciencewith two Post-graduate Diploma courses; one in Forensic Science and Related Law and the other in Cyber and Digital Forensics and Related Law. Government Institute of Forensic Science at Aurangabad has similar courses, Panjab University has and Institute of Forensic Science & Criminology. Besides a large number of universities in the country have postgraduate courses in forensic science.

**Few of these are listed below -**

Bundelkhand University Jhansi Osmania University, Hyderabad

Guru Gobind Singh Indraprasth University, Delhi

Banaras Hindu University, Varanasi

Maharishi Dayanand University, Rohtak

Dr. Hari Singh Gour University, Sagar

Guru Ghasidas Vishvavidyalay, Bilaspur

Kamatak University, Dharwad

Kurukshetra University, Kurukshetra, Haryana

Mumbai University

Badasahed Bimrao Ambedkar University, Lucknow

Gujarat University, Ahmedabad

**WORK OPPORTUNITIES**

As a forensic scientist you have work opportunities both in government and private sector. Also the opportunities may depend on the area of your specialisation in forensic science Broad areas of work include ascertaining authenticity of documents, crime investigations, terror attack investigations, mass disaster management, cyber crime investigation, environment protection, consumer protection, protection of human rights, intellectual property rights.

